# ਮਨੁੱਖਤਾ ਦੀ ਸੇਵਾ

## ਸੱਭ ਤੋਂ ਵੱਡੀ ਸੇਵਾ ਸੁਸਾਇਟੀ (ਰਜਿ:)



## ਸੁਪਨਿਆਂ ਦਾ ਘਰ

ਜਿਲਤ ਨੰ: 1

ਸੁਪਨਿਆਂ ਦੇ ਘਰ ਦੇ ਸਿਰਜਕ

# ਬਾਈ ਗੁਰਪ੍ਰੀਤ ਸਿੰਘ ਜੀ

**ਮਨੁੱਖਤਾ ਦੀ ਸੇਵਾ ਸੱਭ ਤੋਂ ਵੱਡੀ ਸੇਵਾ ਪਰਿਵਾਰ ਦਾ ਨਿਰਮਾਣ**

**ਸੱਚੇ ਪਾਤਿਸ਼ਾਹ ਵਾਹਿਗੁਰੂ ਜੀ ਨੇ ਸਾਡੇ ਤੇ ਦਇਆ ਕਰਕੇ ਆਪ ਕਰਵਾਇਆ**

ਅਸੀਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਅਸੀਂ ਹਰ ਪਲ ਪਾਪ ਕਰਨ ਵਾਲੇ, ਕਲਯੁਗੀ ਸੋਚ ਰੱਖਣ ਵਾਲੇ ਇਨਸਾਨ ਇੰਨੀ ਵੱਡੀ ਸੇਵਾ ਦਾ ਹਿੱਸਾ ਬਣ ਸਕਦੇਂ ਹਾਂ..! ਇਹ ਸਭ ਕੁਝ ਉਸ ਸੱਚੇ ਪਾਤਿਸ਼ਾਹ ਵਾਹਿਗੁਰੂ ਜੀ ਦੀ ਮਰਜ਼ੀ ਅਨੁਸਾਰ ਹੋ ਰਿਹਾ ਹੈ। ਵਾਹਿਗੁਰੂ ਜੀ ਕਿਵੇਂ ਜ਼ਿੰਦਗੀਆਂ ਬਦਲ ਸਕਦੇ ਨੇ ਅਸੀਂ ਇਸ ਤਾਕਤ ਦਾ ਅਨੁਭਵ ਪਿਛਲੇ 7–8 ਸਾਲਾਂ ਤੋਂ ਕਰ ਰਹੇ ਹਾਂ। ਸਭ ਤੋਂ ਪਹਿਲਾਂ ਸਾਡੀ ਸੋਚ ਵਾਹਿਗੁਰੂ ਜੀ ਨੇ ਬਦਲੀ। ਅਸੀਂ ਰੋਜ਼ੀ–ਰੋਟੀ ਕਮਾਉਣ ਲਈ ਵੱਖ–ਵੱਖ ਪਾਪੜ ਵੇਲ ਰਹੇ ਸਾਂ, ਇਸ ਦੌਰਾਨ 2016 ਵਿੱਚ ਮੇਰਾ ਦੋਸਤ ਸਰਬਜੀਤ ਸਿੰਘ ਗਰੇਵਾਲ (ਕੂਮ ਕਲਾਂ) ਜੋ ਇਸ ਸਮੇਂ ਦੁਨੀਆਂ ਤੋਂ ਕੂਚ ਕਰ ਗਿਆ ਹੈ, ਨੇ ਮੈਨੂੰ ਦੱਸਿਆ ਕਿ ਇੱਕ ਢਾਬਾ ਦਿੱਲੀ ਰੋਡ, ਦੋਰਾਹਾ ਕੋਲ ਬੰਦ ਪਿਆ ਹੈ, ਉਨ੍ਹਾਂ ਨੇ ਇਸ ਢਾਬੇ ਨੂੰ ਰਲ ਕੇ ਚਲਾਉਣ ਦੀ ਸਲਾਹ ਦਿੱਤੀ। ਇਸ ਤਰ੍ਹਾਂ ਮੈਂ ਆਪਣੇ ਦੋਸਤਾਂ ਨਾਲ ਰੋਜ਼ੀ–ਰੋਟੀ ਕਮਾਉਣ ਦੇ ਮਕਸਦ ਨਾਲ ਢਾਬੇ ਦਾ ਕੰਮ ਸ਼ੁਰੂ ਕਰ ਦਿੱਤਾ, ਪਰ ਇਹ ਢਾਬਾ ਕੇਵਲ ਰੋਜ਼ੀ–ਰੋਟੀ ਕਮਾਉਣ ਦਾ ਸਾਧਨ ਨਹੀਂ ਸਗੋਂ ਕਿਸੇ ਹੋਰ ਮਨੋਰਥ ਲਈ ਵਾਹਿਗੁਰੂ ਜੀ ਨੇ ਆਪ ਸ਼ੁਰੂ ਕਰਵਾਇਆ ਸੀ। ਜਿਸਦੀ ਸਮਝ ਸਮਾਂ ਪੈਣ ‘ਤੇ ਸਾਨੂੰ ਹੌਲੀ–ਹੌਲੀ ਆ ਰਹੀ ਹੈ। ਖ਼ੈਰ, ਢਾਬਾ ਸ਼ੁਰੂ ਹੋਏ ਨੂੰ ਛੇ ਕੁ ਮਹੀਨੇ ਦਾ ਸਮਾਂ ਹੀ ਹੋਇਆ ਸੀ ਜਦੋਂ ਇਹ ਸੇਵਾ ਸ਼ੁਰੂ ਹੋਈ। ਰਿਜਕ ਦੇ ਆਹਰ ਦੇ ਨਾਲ–ਨਾਲ ਮਨ ਅੰਦਰ ਸੇਵਾ ਦੀ ਭਾਵਨਾ ਸ਼ੁਰੂ ਤੋਂ ਹੀ ਸੀ ਕਿਉਂਕਿ ਸੇਵਾ ਦੀ ਮੂਰਤ ਮੇਰੀ ਮਾਂ ਸੁਖਦਰਸ਼ਨ ਕੌਰ ਜੀ ਪਰਮਾਤਮਾਂ ਨੂੰ ਬਹੁਤ ਮੰਨਦੇ ਹਨ। ਮੇਰਾ ਪਾਲਣ–ਪੋਸ਼ਣ ਨਾਨਕੇ ਪਰਿਵਾਰ ਵਿੱਚ ਹੋਇਆ, ਮੇਰੇ ਨਾਨਕਾ ਪਰਿਵਾਰ ਦਾ ਸੇਵਾ ਦੀ ਭਾਵਨਾ ਵਾਲਾ ਪੰਥਕ ਪਿਛੋਕੜ ਹੋਣ ਕਾਰਨ ਉਨ੍ਹਾਂ ਨੇ ਮੈਨੂੰ ਹਮੇਸ਼ਾ ਇਨਸਾਨੀਅਤ ਦੀ ਸੇਵਾ ਅਤੇ ਸਰਬੱਤ ਦੇ ਭਲੇ ਦਾ ਪਾਠ ਪੜ੍ਹਾਇਆ। ਮੈਂ ਆਪਣੇ ਜੀਵਨ ਵਿੱਚ ਬਹੁਤ ਗਲਤ ਕੰਮ ਕੀਤੇ ਪਰ ਵਾਹਿਗੁਰੂ ਜੀ ਨੇ ਮੇਰੇ ਹੱਥੋਂ ਕਿਸੇ ਦਾ ਮਾੜਾ ਨਹੀਂ ਕਰਵਾਇਆ, ਸ਼ਾਇਦ ਇਸ ਕਰਕੇ ਹੀ ਅੱਜ ਅਸੀਂ ਇਸ ਵੱਡਮੁੱਲੀ ਸੇਵਾ ਦਾ ਹਿੱਸਾ ਹਾਂ ਜੀ।

ARCHITECT OF THE HOUSE OF DREAMS

# MR. GURPREET SINGH

**SERVING HUMANITY IS THE GREATEST SERVICE—IT'S THE FOUNDATION OF BUILDING A TRUE FAMILY.**


**IT IS BY THE GRACE OF THE TRUE LORD, WAHEGURU JI, THAT WE HAVE BEEN ABLE TO DO THIS.**

Never in our wildest dreams did we imagine that we, who were living sinful lives with thoughts influenced by this dark age (Kalyug), could become part of such a great service. But all of this is happening according to the divine will of Waheguru Ji.

We have been experiencing the power of how Waheguru Ji can change lives for the past 7–8 years. The first thing Waheguru Ji transformed was our mindset. We were struggling in many ways to earn a livelihood. Then in 2016, my friend Sarabjit Singh Garewal (from Kum Kalan), who has since departed from this world, told me about a closed roadside eatery (dhaba) near Doraha on the Delhi road. He suggested that we run it together. So, with the intention of making a living, I started the dhaba with my friends. But this dhaba wasn’t just meant for earning bread—it had a higher purpose, one that Waheguru Ji had planned for us, and which we are gradually beginning to understand.

Anyway, it had only been about six months since we opened the dhaba when this service (seva) began. Alongside feeding people, the spirit of service was already rooted in me, as my mother, Sukhdarshan Kaur Ji, is a deeply spiritual woman.

I was raised in my maternal family, which has a religious background with a strong sense of service and devotion. They always taught me to serve humanity and pray for the welfare of all. Though I have made many mistakes in life, Waheguru Ji never let me harm anyone. Perhaps that is why today, we are part of this invaluable service.



# ਅਰੁਣ ਕੁਮਾਰ ਸ਼ੁਕਲਾ ਦੀ ਕਹਾਣੀ – ਤੱਥਾਂ ਦੀ ਜ਼ੁਬਾਨੀ



24 ਮਈ 2016 ਦੀ ਤਿੱਖੜ ਜਿਹੀ ਦੁਪਹਿਰ ਸੀ। ਇੱਕ ਅਪਾਹਜ ਵਿਅਕਤੀ ਹੱਥਾਂ ਦੇ ਸਹਾਰੇ ਰੀਂਘ ਕੇ ਸੜਕ ਪਾਰ ਕਰਦਾ ਢਾਬੇ ਨਜ਼ਦੀਕ ਪਹੁੰਚ ਕੇ ਨਿਢਾਲ ਹੋ ਡਿੱਗ ਗਿਆ। ਰੱਬ-ਸਬੱਬੀਂ ਅੱਖੀਂ ਦੇਖ ਰਿਹਾ ਗੁਰਪ੍ਰੀਤ ਬਾਈ ਤੁਰੰਤ ਉੱਠ ਕੇ ਸਹਾਇਤਾ ਲਈ ਦੌੜਿਆ। ਉਸ ਨੂੰ ਚੁੱਕ ਕੇ ਪਾਣੀ ਪਿਆਇਆ ਅਤੇ ਅੰਤਾਂ ਦੀ ਗਰਮੀ 'ਚ ਵੀ ਪਾਏ ਗਰਮ ਕੱਪੜੇ ਲਾਹੇ। ਹਰਕਤ 'ਚ ਆਉਣ 'ਤੇ ਇਸ਼ਨਾਨ ਕਰਾ ਕੇ ਫੋਟੋ ਸੋਸ਼ਲ ਮੀਡੀਏ 'ਤੇ ਪਾ ਦਿੱਤੀ। ਜਿਸ ਨੂੰ ਦੇਖ ਕਿਸੇ ਨੇ ਦੱਸਿਆ ਕਿ ਇਸ ਵਿਅਕਤੀ ਦੀ ਬਾਂਹ ਤੇ ਘਰ ਦਾ ਫੋਨ ਨੰਬਰ ਉੱਕਰਿਆ ਹੋਇਆ ਹੈ। ਸੰਪਰਕ ਕਰਨ ਤੇ ਉਸ ਦੇ ਭਰਾ ਰਿੰਕੂ ਸ਼ੁਕਲਾ ਨੇ ਮੌਕੇ ਤੇ ਪਹੁੰਚ ਕੇ ਦੱਸਿਆ ਕਿ ਉਹ ਉਸ ਦਾ ਕਰੀਬ ਡੇਢ ਸਾਲ ਤੋਂ ਲਾਪਤਾ ਹੋਇਆ ਭਰਾ ਅਰੁਣ ਕੁਮਾਰ ਸ਼ੁਕਲਾ ਹੈ। ਉਸ ਦੇ ਮਾੜੇ ਹਾਲਾਤ ਦੇਖ ਦੱਸਿਆ ਕਿ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਅਸੀਂ ਇਸ ਦੀ ਦੇਖਭਾਲ ਨਹੀਂ ਕਰ ਸਕਦੇ -ਕਹਿ ਕੇ ਚਲਿਆ ਗਿਆ। ਪਤਾ ਲੱਗਾ, ਅਰੁਣ ਨੂੰ ਅਗਵਾਹ ਕਰ ਕੇ ਗੁੱਜਰਾਂ ਨੇ ਲੰਮਾਂ ਸਮਾਂ ਗੋਹਾ-ਕੂੜਾ ਕਰਵਾਇਆ ਅਤੇ ਅਧਰੰਗ ਹੋ ਜਾਣ ਤੇ ਪੁਲ ਹੇਠਾਂ ਮੰਗਤਿਆਂ 'ਚ ਛੱਡ ਗਏ। ਜਿੱਥੋਂ ਉਹ ਢਾਬੇ ‘ਤੇ ਮਿੰਟੂ ਬਾਈ ਨੂੰ ਬਾਈ ਗੁਰਪ੍ਰੀਤ ਸਿੰਘ ਬਣਾਉਣ ਉਸੇ ਤਰ੍ਹਾਂ ਪਹੁੰਚਿਆ ਜਿਵੇਂ ਭਗਤ ਪੂਰਨ ਸਿੰਘ ਜੀ ਦੇ ਜੀਵਨ 'ਚ ‘ਪਿਆਰਾ’ ਆਇਆ ਸੀ।

ਹੋਰ ਘੋਖਣ ਤੇ ਤੱਥ ਸਾਹਮਣੇ ਆਏ, ਕਿ ਅਰੁਣ ਦਾ ਮ੍ਰਿਤਕ ਪਿਤਾ ਪੀ. ਡਬਲਿਊ. ਡੀ. ਵਿਭਾਗ 'ਚ ਸਰਕਾਰੀ ਕਰਮਚਾਰੀ ਸੀ ਜਿਸ ਦੀ ਸਰਵਿਸ ਦੌਰਾਨ ਮੌਤ ਹੋ ਗਈ ਸੀ। ਪਿਤਾ ਦੀ ਮੌਤ ਤੋਂ ਬਾਅਦ ਅਰੁਣ ਦੇ ਲਾਪਤਾ ਹੋਣ ਕਾਰਨ ਨੌਕਰੀ, ਸਾਰੇ ਫੰਡ ਅਤੇ ਦੁੱਗਰੀ (ਲੁਧਿਆਣਾ) ਵਾਲਾ ਘਰ ਛੋਟੇ ਭਰਾ ਰਿੰਕੂ ਨੇ ਹੜੱਪ ਲਿਆ ਅਤੇ ਭਰਾ ਦੀ ਸੰਭਾਲ ਤੋਂ ਵੀ ਮੁਨਕਰ ਹੋ ਗਿਆ। ਢਾਬੇ ‘ਤੇ ਸੇਵਾ ਸੰਭਾਲ ਨਾਲ ਹੱਥਾਂ ਨਾਲ ਰੀਂਘਣ ਵਾਲਾ ਅਰੁਣ ਦਿਨਾਂ 'ਚ ਆਪਣੇ ਪੈਰਾਂ ਤੇ ਚੱਲਣ ਲੱਗਾ। ਮਰਯਾਦਾ ਪ੍ਰਸ਼ੋਤਮ ਭਗਵਾਨ ਸ਼੍ਰੀ ਰਾਮ ਜੀ ਨੂੰ ਮਿਲੇ 14 ਸਾਲ ਦੇ ਬਨਵਾਸ ਮੌਕੇ ਮਹਿਲ-ਮੁਨਾਰੇ ਤਿਆਗ ਕੇ ਜੰਗਲਾਂ 'ਚ ਗਏ ਭਰਾ ਲਛਮਣ ਦੀ ਮਿਸਾਲ ਦੇ ਬਿਲਕੁਲ ਉਲਟ ਅਰੁਣ ਸ਼ੁਕਲਾ ਜੀ ਦੇ ਹਿੱਸੇ ਦੀ ਸਰਕਾਰੀ ਨੌਕਰੀ ਅਤੇ ਪਿਤਾ ਪੁਰਖੀ ਜਾਇਦਾਦ ਹੜੱਪਣ ਵਾਲੇ ਭਰਾ ਜਾਂ ਕਿਸੇ ਹੋਰ ਸਾਕ-ਸਬੰਧੀ ਨੇ ਚੰਦ ਕਿਲੋ ਮੀਟਰ ਦੀ ਦੂਰੀ ਤੇ ਸਥਿਤ ਪਿੰਡ ਹਸਨਪੁਰ 'ਚ ਪਹੁੰਚ ਕੇ ਅੱਜ ਤੱਕ ਅਰੁਣ ਸ਼ੁਕਲਾ ਦਾ ਹਾਲ-ਚਾਲ ਪੁੱਛਣ ਦੀ ਖੇਚਲ ਵੀ ਨਹੀਂ ਕੀਤੀ।

# STORY OF ARUN KUMAR SHUKLA – THROUGH THE LENS OF TRUTH

It was a scorching afternoon on 24th August 2016. A disabled man was crawling across the road with the help of his hands. After reaching near a roadside eatery (dhaba), he collapsed from exhaustion. Gurpreet Bhai, who was watching everything with compassion, immediately rushed to help. He picked him up, gave him water, and despite the scorching heat, removed the man’s warm clothes. Once the man regained some strength, Gurpreet helped him bathe and shared his photo on social media.

Someone who saw the post noticed that a phone number was tattooed on the man’s arm. Upon contacting the number, his younger brother Rinku Shukla arrived and revealed that the man was his elder brother, Arun Kumar Shukla, who had been missing for almost a year and a half. Seeing Arun’s miserable condition, Rinku said their parents had already passed away and that they could no longer take care of him—then he left.

It came to light that Arun had been kidnapped by some Gujjars who made him collect garbage for a long time. Eventually, after he suffered a stroke and became partially paralyzed, they abandoned him under a bridge to beg. From there, he somehow reached the dhaba and into the care of Gurpreet Singh, just as “Pyara” entered the life of Bhagat Puran Singh Ji.

Further investigation revealed that Arun's deceased father had been a government employee in the PWD (Public Works Department), who died during his service. After his death and Arun’s disappearance, the job, all the pension funds, and the house in Dugri (Ludhiana) were usurped by his younger brother Rinku, who also refused to take responsibility for Arun.



Under the care provided at the dhaba, Arun, who once crawled with his hands, started walking on his feet within days.Unlike Lord Lakshman, who left the comforts of the palace to accompany Lord Ram during his 14-year exile in the forest, Arun Shukla’s brother and relatives—who seized his rightful job and ancestral property—never even cared to travel a few kilometers to the village of Hasanpur to ask about Arun's well-being to this day.

## 8 ਭਰਾ, 2 ਪੁੱਤਰਾਂ ਦੇ ਹੁੰਦਿਆਂ ਲਵਾਰਸ ਬਣਿਆ - ਬਾਪੂ ਕੇਸਰ ਸਿੰਘ ਧਾਲੀਵਾਲ



ਅਰੁਣ ਕੁਮਾਰ ਸ਼ੁਕਲਾ ਤੋਂ ਬਾਅਦ ਚੌਂਕੀਮਾਨ ਤੋਂ ਕਿਸੇ ਲਾਵਾਰਸ ਵਿਅਕਤੀ ਬਾਰੇ ਫੋਨ ਆਇਆ ਕਿ ਇੱਕ ਕਿਸਾਨ ਪਰਿਵਾਰ ਦਾ ਕੀੜਿਆਂ ਖਾਧਾ ਬਜੁਰਗ ਜਿਸ ਦੇ ਚੰਗੀਆਂ ਪੁਜ਼ੀਸ਼ਨਾਂ ਤੇ ਲੱਗੇ 8 ਭਰਾ ਵੀ ਹਨ, ਉਹ ਸੜਕਾਂ ਤੇ ਬੇਹੱਦ ਮਾੜੇ ਹਲਾਤਾਂ 'ਚ ਭਟਕ ਰਿਹਾ ਹੈ। ਵਾਰ-ਵਾਰ ਫੋਨ ਆਉਣ ਤੇ ਬਾਈ ਜੀ ਨੇ ਆਪਣੇ ਦੋਸਤਾਂ ਮਿੱਤਰਾਂ ਨਾਲ ਰਲ ਕੇ 12 ਹਜਾਰ ਇਕੱਤਰ ਕੀਤਾ ਅਤੇ ਚੌਂਕੀਮਾਨ (ਲੁਧਿ:) ਪਹੁੰਚ ਕੇ ਦੇਖਿਆ ਕਿ ਕੇਸਰ ਸਿੰਘ ਦੀ ਲੱਤ 'ਚ ਕੀੜੇ ਪਏ ਹੋਏ ਸਨ। ਬਾਈ ਜੀ ਨੇ ਸਾਰੇ ਪਿੰਡ 'ਚ ਗੇੜਾ ਮਾਰਿਆ। ਸੱਥ 'ਚੋਂ ਨੇੜੇ ਦੇ ਸਾਕ-ਸਬੰਧੀਆਂ ਬਾਰੇ ਪੁੱਛਿਆ ਪਰ ਕਿਸੇ ਨੇ ਵੀ ਪੈਸੇ ਫੜ ਕੇ ਇਲਾਜ ਕਰਾਉਣ ਦੀ ਹਾਮੀਂ ਨਾ ਭਰੀ। ਮਜਬੂਰਨ ਬਾਪੂ ਨੂੰ ਢਾਬੇ 'ਤੇ ਲਿਆਉਣਾ ਪਿਆ। ਆਖ਼ਰ ਬਾਈ ਜੀ ਉਸ ਨੂੰ ਲੁਧਿਆਣੇ ਦੇ ਇੱਕ ਵੱਡੇ ਹਸਪਤਾਲ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਗੈਂਗਰੀਨ ਦੀ ਪੁਸ਼ਟੀ ਕਰਦਿਆਂ, ਲੱਤ ਕੱਟਣ ਲਈ ਪੇਪਰ ਸਾਈਨ ਕਰਨ ਅਤੇ ਪੰਜਾਹ ਹਜ਼ਾਰ ਜਮ੍ਹਾਂ ਕਰਵਾਉਣ ਲਈ ਕਿਹਾ। ਬਾਪੂ ਨਾਲ ਸਬੰਧਾਂ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਉਹ ਤਾਂ ਸੇਵਾ ਦੇ ਤੌਰ ਤੇ ਇਲਾਜ ਕਰਵਾਉਣਾ ਚਾਹੁੰਦੇ ਹਨ। ਹਸਪਤਾਲ ਵਿੱਚ ਸੰਸਥਾ ਦਾ ਨਾਮ ਅਤੇ ਰਜਿਸਟ੍ਰੇਸ਼ਨ ਨੰਬਰ ਪੁੱਛਿਆ ਗਿਆ। ਪਰ ਉਦੋਂ ਤੱਕ ਸੰਸਥਾ ਕੋਲ ਅਜਿਹਾ ਕੁਝ ਵੀ ਨਹੀਂ ਸੀ ਅਤੇ ਬਾਈ ਜੀ ਬਾਪੂ ਜੀ ' ਜੀ ਜੀ ਦੀ ਲੱਤ ਕਟਵਾਉਣ ਦੇ ਹੱਕ 'ਚ ਵੀ ਨਹੀਂ ਸਨ। ਜਿਸ ਕਾਰਨ ਉਹ ਬਾਪੂ ਜੀ ਨੂੰ ਵਾਪਸ ਢਾਬੇ ਤੇ ਲੈ ਆਏ।

ਅਗਲੇ ਦਿਨ ਦੱਸ ਪੈਣ ਤੇ ਦੋਰਾਹਾ ਨਜ਼ਦੀਕ ਮਾਹਿਰ ਵੈਦ ਕੋਲ ਪਹੁੰਚੇ। ਜਿਸ ਨੇ ਤਾਰਪੀਨ ਦੇ ਤੇਲ ਦੀ ਸ਼ੀਸ਼ੀ ਦੇ ਕੇ ਕੀੜੇ ਖ਼ੁਦ ਕੱਢ ਲੈਣ ਲਈ ਕਿਹਾ। ਢਾਬੇ ਤੇ ਆ ਕੇ ਜਦ ਉਨ੍ਹਾਂ ਜਖ਼ਮਾਂ ਤੇ ਤੇਲ ਪਾਇਆ ਤਾਂ ਇੱਕ-ਇੱਕ ਕਰਕੇ 45 ਕੀੜੇ ਜਖ਼ਮਾਂ 'ਚੋ ਨਿੱਕਲ ਕੇ ਬਾਹਰ ਆ ਗਏ। ਇਹ ਬਾਈ ਜੀ ਅਤੇ ਉਨਾਂ ਦੇ ਮਿੱਤਰ ਵੀਰਇੰਦਰ ਸਿੰਘ ਗਰੇਵਾਲ ਦੀਜ਼ਿੰਦਗੀ ਦਾ ਹੈਰਾਨ ਕਰਨ ਵਾਲਾ ਤਜਰਬਾ ਸੀ ਕਿ ਜਦੋਂ ਉਨਾਂ ਪਹਿਲੀ ਵਾਰ ਕਿਸੇ ਜਿਉਂਦੇ- ਜਾਗਦੇ ਇਨਸਾਨ ਨੂੰ ਕੀੜਿਆਂ ਦੁਆਰਾ ਖਾਧਾ ਜਾਂਦਾ ਅੱਖੀਂ ਦੇਖਿਆ ਹੋਵੇ। ਉਨ੍ਹਾਂ ਨੇ ਇਹ ਪੋਸਟ ਫੇਸਬੁੱਕ ਤੇ ਪਾ ਕੇ ਕਿਹਾ ਕਿ ਇਸ ਤੋਂ ਵੱਡਾ ਕਲਯੁੱਗ ਕੀ ਹੋਵੇਗਾ ਕਿ ਇੱਕ ਜਿਉਂਦੇ-ਜਾਗਦੇ ਇਨਸਾਨ ਨੂੰ ਕੀੜੇ ਨੋਚ-ਨੋਚ ਕੇ ਖਾ ਰਹੇ ਹਨ। ਖ਼ੈਰ ਤਾਰਪੀਨ ਦਾ ਤੇਲ ਬੜਾ ਕਾਰਗਾਰ ਸਿੱਧ ਹੋਇਆ। ਬਾਪੂ ਜੀ ਦੇ ਜ਼ਖ਼ਮ ਦਿਨਾਂ 'ਚ ਭਰਨ ਲੱਗੇ ਪਰ ਦਿਮਾਗੀ ਹਲਾਤ ਨਾ ਸੁਧਰੇ ਤੇ ਉਹ ਇੱਕ ਦਿਨ ਢਾਬੇ ਤੋਂ ਭੱਜ ਗਏ।

ਇਸੇ ਦੌਰਾਨ ਕਿਸੇ ਲੜਕੀ ਦਾ ਫੋਨ ਆਇਆ, ਉਸ ਨੇ ਮਿਹਣਾ ਮਾਰ ਕੇ ਬਾਈ ਗੁਰਪ੍ਰੀਤ ਜੀ ਦੀ ਜ਼ਿੰਦਗੀ ਹੀ ਬਦਲ ਦਿੱਤੀ। ਉਸ ਨੇ ਕਿਹਾ,"ਤੁਸੀਂ ਆਮ ਲੋਕਾਂ ਵਾਂਗ ਸ਼ਹੁਰਤ ਦੇ ਭੁੱਖੇ ਨਿਕਲੇ। ਜਿਸ ਬਾਪੂ ਦੇ ਕੀੜੇ ਕੱਢਦਿਆਂ ਭਾਵੁਕ ਨਸੀਹਤਾਂ ਦਿੱਤੀਆਂ ਸਨ, ਉਹੀ ਬਾਪੂ ਮੁੜ ਨਗਨ ਅਵਸਥਾ 'ਚ ਮੇਰੇ ਮੂਹਰੇ ਦੀ ਜਾ ਰਿਹਾ ਹੈ"। ਜਿਸ ਤੇ ਬਾਈ ਜੀ ਤੁਰੰਤ ਜਗ੍ਹਾ-ਸਥਾਨ ਪੁੱਛ ਕੇ ਬਾਪੂ ਨੂੰ ਮੁੜ ਲੈਣ ਪਹੁੰਚੇ। ਬਾਪੂ ਨੂੰ ਮੁੜ ਢਾਬੇ 'ਤੇ ਲਿਆ ਕੇ ਮਾਨਸਿਕ ਰੋਗ ਦੀ ਵੀ ਦਵਾਈ ਸ਼ੁਰੂ ਕੀਤੀ। ਜਿਸ ਨਾਲ ਬਾਪੂ ਬੜੀ ਛੇਤੀ ਤੰਦਰੁਸਤ ਹੋਣ ਲੱਗਾ। ਇਸ ਸਮੇਂ ਉਹ ਬਿਲਕੁਲ ਨੌਂ- ਵਰ-ਨੌਂ ਹੋ ਕੇ ਸੁਪਨਿਆਂ ਦੇ ਘਰ ਵਿੱਚ ਬਾਕੀ ਬਜ਼ੁਰਗਾਂ ਦੀ ਅਗਵਾਈ ਕਰਦੇ ਦੇਖੇ ਜਾ ਸਕਦੇ ਹਨ। ਬਾਈ ਜੀ ਵੀ ਉਨ੍ਹਾਂ ਨੂੰ ਪੂਰਾ ਸਤਿਕਾਰ ਦਿੰਦੇ ਹਨ। ਸੁਪਨਿਆਂ ਦੇ ਘਰ ਦੀ ਨਵੀਂ ਇਮਾਰਤ ਦਾ ਨੀਂਹ-ਪੱਥਰ ਅਰੁਣ ਕੁਮਾਰ ਸ਼ੁਕਲਾ ਅਤੇ ਬਾਪੂ ਕੇਸਰ ਸਿੰਘ ਧਾਲੀਵਾਲ ਜੀ ਨੇ ਸਾਂਝੇ ਤੌਰ ਤੇ ਰੱਖਿਆ ਸੀ। ਇਨ੍ਹਾਂ ਬਜ਼ੁਰਗਾਂ ਦੀਆਂ ਅਸੀਸਾਂ ਸਦਕਾ ਢਾਬੇ ਤੋਂ ਵਾਇਆ ਬਾਰਨਹਾੜਾ ਹੁੰਦੇ ਹੋਏ ਹਸਨਪੁਰ ਵਿਸ਼ਾਲ ਸੁਪਨਿਆਂ ਦੇ ਘਰ ਦੀ ਸਿਰਜਣਾ ਕਿਵੇਂ ਹੋ ਗਈ, ਇਹ ਸੋਚ ਕੇ ਵੀ ਹੈਰਾਨੀ ਹੁੰਦੀ ਹੈ।

## ABANDONED DESPITE HAVING 8 BROTHERS AND 2 SONS – THE STORY OF BAPU KESAR SINGH DHALIWAL

Following the story of Arun Kumar Shukla, a call came from Chaokiman about another destitute man. It was reported that an elderly person from a farmer's family, whose leg had been eaten by maggots, was wandering the streets in extremely poor condition. Shockingly, this man had eight brothers, all holding good positions. After receiving multiple calls, Bhai Ji, along with his friends, collected 12,000 and reached Chaokiman (Ludhiana), where they saw Kesar Singh's leg infested with maggots.

Bhai Ji went around the village and inquired about close relatives, but no one agreed to spend even a penny for his treatment. Left with no choice, they brought Bapu to the roadside eatery (dhaba). Eventually, Bhai Ji took him to a big hospital in Ludhiana, where the doctors confirmed gangrene and asked for consent to amputate the leg, along with a deposit of 50,000.

When asked about his relationship with Bapu, Bhai Ji replied that he was helping as a matter of service. The hospital also demanded the name and registration number of their organization. At that time, no such formal organization existed, and Bhai Ji wasn't in favor of amputation either. So, they had to bring Bapu back to the dhaba.


The next day, based on a suggestion, they went to a specialist Vaid (traditional healer) near Doraha. The Vaid gave them a bottle of turpentine oil and advised them to remove the maggots themselves. Back at the dhaba, when they applied the oil to Bapu's wounds, one by one, 45 maggots crawled out. It was a shocking experience for Bhai Ji and his friend Virender Singh Garewal — the first time they had seen a living human being consumed by maggots.

Bhai Ji posted about the incident on Facebook, saying, "What greater sign of Kalyug (Dark Age) than this — a living man being eaten alive by insects?" Thankfully, the turpentine oil proved highly effective, and Bapu's wounds started healing within days. However, his mental condition did not improve, and one day, he ran away from the dhaba.

Around this time, Bhai Ji received a call from a young woman that changed his life. She bluntly said, "You're no different from fame-hungry people. The same Bapu you emotionally preached about while pulling out his maggots is now roaming naked in front of me."

Shaken by her words, Bhai Ji immediately asked for the location and went to bring Bapu back. They resumed his care at the dhaba and started psychiatric treatment. Bapu soon began recovering significantly and can now be seen as a completely rejuvenated man, leading other elderly residents at Supneyaan Da Ghar ("Home of Dreams"). Bhai Ji also gives him full respect.

The foundation stone of this new building of Supneyaan Da Ghar was laid together by Arun Kumar Shukla and Bapu Kesar Singh Dhaliwal. It is truly astonishing to see how, starting from the dhaba and crossing the Baranhara canal, the vision of Supneyaan Da Ghar came to life — all thanks to the blessings of these elders.



# ਤ੍ਰਾਸਦਿਕ ਪ੍ਰਸਥਿਤੀਆਂ ਦੀ ਸ਼ਿਕਾਰ – ਰਿਹਾਨਾ ਖ਼ਾਨ



ਹਰ ਸਰਕਾਰ ਦਾ ਮੁੱਢਲਾ ਫ਼ਰਜ਼ ਹੁੰਦਾ ਹੈ ਕਿ ਉਹ ਆਪਣੇ ਨਾਗਰਿਕਾਂ ਦੇ ਦੁੱਖ-ਸੁੱਖ 'ਚ ਸ਼ਰੀਕ ਹੋਵੇ ਪਰ ਸਰਕਾਰਾਂ ਅਤੇ ਸਰਕਾਰੀ ਮਹਿਕਮਿਆਂ ਦੀ ਬਦਨੀਤੀ ਕਾਰਨ ਆਮ ਨਾਗਰਿਕਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਇਨਸਾਨ ਤਾਂ ਅਜਿਹੇ ਵੀ ਹੁੰਦੇ ਹਨ ਜੋ ਇਸ ਮਾੜੇ ਸਿਸਟਮ ਦੀ ਭੇਂਟ ਵੀ ਚੜ੍ਹ ਜਾਂਦੇ ਹਨ। ਅਜਿਹੀ ਹੀ ਕਹਾਣੀ ਰਿਹਾਨਾ ਭੈਣ ਦੀ ਹੈ। ਇਹ ਗੱਲ 17 ਸਤੰਬਰ 2017 ਦੀ ਹੈ ਜਦੋਂ ਮਨੁੱਖਤਾ ਦੀ ਸੇਵਾ ਸੁਸਾਇਟੀ ਨੂੰ ਕਿਸੇ ਵਿਅਕਤੀ ਨੇ ਫ਼ੋਨ ਕਰਕੇ ਜਾਣਕਾਰੀ ਦਿੱਤੀ ਕਿ ਇੱਕ ਔਰਤ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਬੜੇ ਮਾੜੇ ਹਲਾਤਾਂ 'ਚ ਕੀੜਿਆਂ ਦੁਆਰਾ ਖਾਧੀ ਜਾ ਰਹੀ ਹੈ।

ਸੂਚਨਾ ਮਿਲਣ ‘ਤੇ ਸੰਸਥਾ ਦੀ ਟੀਮ ਬਾਈ ਗੁਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਸਿਵਲ ਹਸਪਤਾਲ 'ਚ ਪਹੁੰਚੀ। ਕੀ ਦੇਖਦੇ ਹਨ, ਰਿਹਾਨਾ ਜਿਸ ਦੀ ਚੱਲਦੀ ਟਰੇਨ 'ਚੋਂ ਡਿੱਗ ਜਾਣ ਕਾਰਨ ਬਾਂਹ ਕੱਟੀ ਗਈ ਸੀ ਅਤੇ ਜਿਸ ਨੂੰ ਰੇਲਵੇ ਪੁਲਿਸ ਦੇ ਅਧਿਕਾਰੀਆਂ ਨੇ ਇਲਾਜ ਲਈ ਸਿਵਲ ਹਸਪਤਾਲ ਭਰਤੀ ਕਰਵਾ ਦਿੱਤਾ ਸੀ। ਉਹ ਪਿਛਲੇ 52 ਦਿਨਾਂ ਤੋਂ ਇਲਾਜ ਖੁਣੋਂ ਖੂੰਨ ਨਾਲ ਲੱਥ-ਪੱਥ ਦਰਦ ਨਾਲ ਕੁਰਲਾ ਰਹੀ ਸੀ। ਟੀਮ ਨੇ ਹਸਪਤਾਲ ਨਾਲ ਰਾਬਤਾ ਕੀਤਾ। ਮਨੇਜਮੈਂਟ ਨਾ ਤਾਂ ਰਿਹਾਨਾ ਦਾ ਇਲਾਜ ਕਰਨਾ ਚਾਹੁੰਦੀ ਸੀ ਤੇ ਨਾ ਹੀ ਸੰਸਥਾ ਵਾਲਿਆਂ ਨੂੰ ਲਿਜਾਣ ਦਿੰਦੇ ਸਨ। ਰਿਹਾਨਾ ਨੂੰ ਸਰਕਾਰੀ ਜਮਦੂਤਾਂ ਤੋਂ ਛਡਾਉਣ ਲਈ ਟੀਮ ਨੂੰ ਦੋ ਦਿਨ ਖੱਜਲ-ਖੁਆਰ ਹੋਣਾ ਪਿਆ।

ਇਨ੍ਹਾਂ ਦੋ ਦਿਨਾਂ 'ਚ ਟੀਮ ਮੈਬਰਾਂ ਨੇ ਰਿਹਾਨਾ ਦਾ ਇਲਾਜ ਆਪਣੇ ਤੌਰ ਤੇ ਸ਼ੁਰੂ ਕਰ ਦਿੱਤਾ। ਇੱਥੇ ਹੀ ਪਤਾ ਲੱਗਾ ਕਿ ਉਸ ਦੀ ਕੱਟੀ ' ਜ਼ਖਮੀ ਬਾਂਹ ਨੂੰ ਕੀੜੇ ਖਾ ਰਹੇ ਸਨ। ਲੰਮੀ ਜੱਦੋ-ਜਹਿਦ ਤੋਂ ਬਾਅਦ ਛੁੱਟੀ ਮਿਲੀ। ਸੰਸਥਾ ਵਿੱਚ ਪਹੁੰਚਣ ਤੇ ਮਾਹਿਰ ਡਾਕਟਰਾਂ ਨੇ ਉਸ ਦਾ ਇਲਾਜ ਕੀਤਾ ਜਿਸ ਨਾਲ ਉਸ ਦੀ ਬਾਂਹ ਠੀਕ ਹੋ ਗਈ। ਇਸ ਸਮੇਂ ਰਿਹਾਨਾ ਆਮ ਲੋਕਾਂ ਵਾਂਗ ਸੰਸਥਾਂ ਦੇ ਕੰਮਾ 'ਚ ਹੱਥ ਵਟਾ ਕੇ ਸਮਾਂ ਬਤੀਤ ਕਰ ਰਹੀ ਹੈ।

ਬਹੁਤ ਜ਼ਿਆਦਾ ਛਾਣ-ਬੀਣ ਕਰਨ ਤੋਂ ਬਾਅਦ ਕੇਵਲ ਇੰਨਾਂ ਹੀ ਪਤਾ ਲੱਗਾ ਕਿ ਰਿਹਾਨਾ ਭੈਣ ਨੂੰ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਵਾਲੇ ਅਕਸਰ ਕੁੱਟ-ਮਾਰ ਕਰਦੇ ਰਹਿੰਦੇ ਸਨ। ਜਿਸ ਤੋਂ ਤੰਗ ਆ ਕੇ ਉਸ ਨੇ ਘਰ-ਬਾਰ ਛੱਡ ਦਿੱਤਾ। ਸਹੁਰਿਆਂ ਦੇ ਤਸ਼ੱਦਦ ਤੋਂ ਅੱਕ ਕੇ ਭੱਜੀ ਰਿਹਾਨਾ ਨਾਲ “ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ” ਵਾਲੀ ਹੋਈ। ਟਰੇਨ ਹਾਦਸੇ 'ਚ ਜਿੱਥੇ ਉਸ ਦੀ ਬਾਂਹ ਕੱਟੀ ਗਈ, ਉੱਥੇ ਮਾਨਸਿਕ ਰੋਗ ਦਾ ਵੀ ਸੰਤਾਪ ਹੰਢਾਉਣਾ ਪਿਆ। ਖ਼ੈਰ ਮਨੁੱਖਤਾ ਦੀ ਸੇਵਾ ਸੰਸਥਾ ਜਾਤ-ਪਾਤ, ਰੰਗ-ਭੇਦ, ਧਰਮਾਂ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਕੇਵਲ ਇਨਸਾਨੀਅਤ ਦਾ ਬੀੜਾ ਚੁੱਕ ਕੇ ਹੀ ਅੱਗੇ ਵੱਧ ਰਹੀ ਹੈ। ਇਸ ਸੰਸਥਾ 'ਚ ਰਿਹਾਨਾ ਵਰਗਾ ਹਰ ਵਿਅਕਤੀ ਸਾਰੇ ਭੇਦਾਂ ਤੋਂ ਉੱਪਰ ਉੱਠ ਕੇ ਜੀਵਨ ਬਤੀਤ ਕਰ ਸਕਦਾ ਹੈ। ਇਸ ਸਮੇਂ ਰਿਹਾਨਾ ਸੁਪਨਿਆਂ ਦੇ ਘਰ ਦੇ ਬਾਕੀ ਮੈਬਰਾਂ ਨਾਲ ਰਲ-ਮਿਲ ਕੇ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਹੈ। ਸੰਸਥਾ 'ਚ ਮਨਾਏ ਜਾਦੇਂ ਤਿੱਥ-ਤਿਉਹਾਰਾਂ 'ਚ ਉਹ ਸ਼ਾਮਿਲ ਹੁੰਦੀ ਹੈ ਅਤੇ ਆਪਣੀ ਰਹਿੰਦੀ ਜ਼ਿੰਦਗੀ ਇੱਥੇ ਹੀ ਗੁਜ਼ਾਰਨ ਦਾ ਅਹਿਦ ਕਰ ਚੁੱਕੀ ਹੈ।

# VICTIM OF TRAGIC CIRCUMSTANCES – RIHANA KHAN

It is the primary responsibility of every government to stand with its citizens in their joys and sorrows. However, due to the negligence and ill-intentions of governments and government departments, ordinary citizens often face immense hardships. Some individuals even fall victim to this flawed system. One such story is that of sister Rihana.

This incident dates back to September 17, 2017, when someone called the Manukhta Di Sewa Society (Humanity Service Society) and informed them about a woman in a severely deteriorated condition, being eaten by maggots at the Civil Hospital in Jalandhar.

Upon receiving the information, a team from the organization, led by Bhai Gurpreet Singh Ji, reached the hospital. What they saw was heartbreaking—Rihana, who had fallen from a moving train and lost her arm, had been admitted to the hospital by railway police officials. For the past 52 days, she had been lying in pain, soaked in blood, and crying in agony without any medical treatment.

The team tried contacting the hospital authorities. The management neither wanted to treat Rihana nor allowed the organization to take her away. It took two days of struggle for the team to get her released from the clutches of the government system.

During those two days, the team members began treating Rihana on their own. It was then discovered that her wounded, amputated arm was being eaten by maggots. After a long and persistent effort, they finally managed to free her from the hospital.

Once brought to the foundation, expert doctors treated her, and her arm began to heal. Now, Rihana is spending her time contributing to the daily work of the organization, just like any other member.

After thorough investigation, it was revealed that after her marriage, Rihana was often subjected to physical abuse by her in-laws. Tired of the constant violence, she left home. But as the saying goes, “Fleeing from death, only to find death ahead,” her fate was no better. She lost her arm in a train accident and also had to endure the mental trauma that followed.

Thankfully, Manukhta Di Sewa Society rose above all divisions of caste, color, and religion, embracing pure humanity. In this organization, every individual, including Rihana, can live a life free from discrimination.

Today, Rihana is living a happy life alongside other residents of Supneyaan Da Ghar (“Home of Dreams”). She actively participates in all the festivals and celebrations organized by the institution and has pledged to spend the rest of her life here.



## ਵਸੀਅਤ 'ਚ ਮਿਲੀ ਗ਼ੁਲਾਮੀ ਨੂੰ ਹੰਢਾਉਣ ਵਾਲਾ - ਬਾਪੂ ਗੋਪਾਲ ਸਿੰਘ



ਆਪਣੇ ਭਾਰ ਤੋਂ ਕਈ ਗੁਣਾਂ ਵੱਧ ਭਾਰ ਢੋਦੇਂ ਗੋਪਾਲ ਬਾਬੇ ਦਾ ਝੁਰੜੀਆਂ ਭਰਿਆ ਚਿਹਰਾ ਉਸ ਦੀ ਚਾਲ੍ਹੀ ਸਾਲ ਦੀ ਗੁਲਾਮੀ ਦੀ ਗਵਾਹੀ ਭਰ ਰਿਹਾ ਸੀ। ਜਦੋਂ ਕਦੇ ਉਸ ਤੋਂ ਕੰਮ ਘੱਟ ਹੁੰਦਾ ਤਾਂ ਉਸਦਾ ਮਾਲਕ ਪਸ਼ੂਆਂ ਦੀ ਤਰ੍ਹਾਂ ਕੁੱਟ-ਮਾਰ ਕਰਦਾ। ਮੋਗੇ ਦੇ ਪਿੰਡ ਬਾਕਰਵਾਲ ਦੇ ਜ਼ਮੀਂਦਾਰ ਮੁਖਤਿਆਰ ਸਿੰਘ ਦੇ ਘਰ ਚਾਰ ਦਹਾਕਿਆਂ ਤੋਂ ਡੰਗਰ ਸਾਂਭਦਾ-ਸਾਂਭਦਾ ਗੋਪਾਲ ਖ਼ੁਦ ਪਸ਼ੂ ਜੂਨੇ ਪੈ ਚੁੱਕਾ ਸੀ। ਉਸ ਨੂੰ ਗ਼ੁਲਾਮ ਬਣਾ ਕੇ ਰੱਖਣ ਵਾਲਾ ਜ਼ਮੀਂਦਾਰ ਪਰਿਵਾਰ ਇਨਸਾਨੀਅਤ ਤੋਂ ਬਿਲਕੁਲ ਕੋਰਾ ਸੀ। ਉਸਦੇ ਮਾਲਕ ਨੇ ਖੇਤੀ ਦੇ ਕੰਮ ਦੇ ਨਾਲ-ਨਾਲ ਪਿੰਡ ਵਿੱਚ ਆਟਾ ਚੱਕੀ ਵੀ ਲਾ ਲਈ। ਜਿੱਥੇ ਗੋਪਾਲ ਗੱਠਾਂ ਪੀਂਹਦਾ 'ਤੇ ਸਾਰਾ ਹਿਸਾਬ-ਕਿਤਾਬ ਲਿਖਦਾ। ਖਾਲੀ ਸਮੇਂ 'ਚ ਸਿਰ ਤੇ ਗੋਹੇ ਵਾਲਾ ਬੱਠਲ ਤੇ ਕਦੇ ਪੱਠਿਆਂ ਦਾ ਟੋਕਰਾ ਢੋਹਣ ਨਾਲ ਉਸ ਦੇ ਸਿਰ ਦੇ ਵਾਲ ਉੱਡ ਚੁੱਕੇ ਸਨ।

ਸਮਾਂ ਲੰਘਿਆ, ਗੋਪਾਲ ਦੀ ਗ਼ੁਲਾਮੀ ਦੀਆਂ ਖਬਰਾਂ ਮਨੁੱਖਤਾ ਦੀ ਸੇਵਾ ਸੰਸਥਾ ਨੂੰ ਵੀ ਪਹੁੰਚਣ ਲੱਗੀਆਂ। ਆਖ਼ਰ ਬਾਈ ਗੁਰਪ੍ਰੀਤ ਸਿੰਘ ਗੋਪਾਲ ਨੂੰ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਪਿੰਡ ਬਾਕਰਵਾਲ ਪਹੁੰਚੇ। ਉਸ ਵੇਲੇ ਵੀ ਗੋਪਾਲ ਪੱਠੇ ਵੱਢ ਕੇ ਹੱਥ-ਰੇਹੜੀ ਤੇ ਲਿਆ ਰਿਹਾ ਸੀ। ਜਦੋਂ ਬਾਪੂ ਨੂੰ ਨਾਮ ਪੁੱਛਿਆ ਤਾਂ ਉਨ੍ਹਾਂ ਬੱਚਿਆਂ ਵਰਗੀ ਤੋਤਲੀ ਅਵਾਜ਼ 'ਚ ਆਪਣਾ ਨਾਮ ਗੋਪਾਲ ਦੱਸਿਆ। ਮੁਖਤਿਆਰ ਸਿੰਘ ਚੱਕੀ ਵਾਲੇ ਅਤੇ ਉਸ ਦੀ ਦੂਜੀ ਪਤਨੀ ਨੇ ਬਾਈ ਜੀ ਦਾ ਡਟ ਕੇ ਵਿਰੋਧ ਕੀਤਾ, ਪਰ ਪਿੰਡ ਵਾਸੀਆਂ ਦੇ ਸਾਥ ਕਾਰਨ ਬਾਈ ਜੀ ਲੰਮੀ ਜੱਦੋ-ਜਹਿਦ ਉਪਰੰਤ ਗੋਪਾਲ ਨੂੰ ਅਜ਼ਾਦ ਕਰਵਾਉਣ 'ਚ ਕਾਮਯਾਬ ਰਹੇ। ਸੰਸਥਾ 'ਚ ਪਹੁੰਚਣ ਉਪਰੰਤ ਪਤਾ ਲੱਗਾ ਕਿ ਗੋਪਾਲ ਜਨਮ ਤੋਂ ਕੁਝ ਮਸਤ ਸੁਭਾਅ ਦਾ ਸੀ। ਜਿੱਥੇ ਕਿਤੇ ਜੀ ਕਰਦਾ, ਕਿਸੇ ਦੇ ਘਰ ਵੀ ਖਾ- ਪੀ ਲੈਂਦਾ ਜੋ ਉਸ ਦੇ ਅਖੌਤੀ, ਅਣਖੀ, ਵਪਾਰੀ ਬਾਪ ਅਤੇ ਭਰਜਾਈਆਂ ਨੂੰ ਬੜਾ ਬੁਰਾ ਲੱਗਦਾ। ਬਾਪ ਦੀ ਮੌਤ ਉਪਰੰਤ ਵੱਡਾ ਭਰਾ ਬਾਪ ਦੀ ਵਸੀਅਤ ਦੀ ਹਦਾਇਤ ਅਨੁਸਾਰ ਗੋਪਾਲ ਦੀ ਦੇਖ-ਭਾਲ ਲਈ ਜਲੰਧਰ ਯਤੀਮਖਾਨੇ ਵਿੱਚ ਪੰਜ ਹਜ਼ਾਰ ਰੁਪਏ ਜਮ੍ਹਾਂ ਕਰਵਾ ਕੇ ਛੱਡ ਗਿਆ। ਪਿੱਛੋਂ ਦੋਵਾਂ ਭਰਾਵਾਂ ਨੇ ਜਾਇਦਾਦ ਅੱਧੋ-ਅੱਧ ਵੰਡ ਕੇ ਮੁੜ ਗੋਪਾਲ ਦੀ ਕਦੇ ਸਾਰ ਨਾ ਲਈ।

ਥੋੜ੍ਹੇ ਸਮੇਂ ਬਾਅਦ ਗੋਪਾਲ ਸਿਫ਼ਤੀ ਦੇ ਘਰ ਸ਼੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਗਿਆ। ਜਿੱਥੇ ਮੱਥਾ ਟੇਕਣ ਆਏ ਮੁਖਤਿਆਰ ਸਿੰਘ ਦੇ ਸੰਪਰਕ 'ਚ ਆ ਗਿਆ। ਇੱਥੋਂ ਹੀ ਸ਼ੁਰੂ ਹੁੰਦੀ ਹੈ ਬਾਪੂ ਗੋਪਾਲ ਦੀ ਨਰਕ ਭਰੀ ਜ਼ਿੰਦਗੀ ਦੀ ਕਹਾਣੀ। ਭਰ ਜਵਾਨੀ 'ਚ ਜ਼ਮੀਂਦਾਰ ਨੇ ਗੋਪਾਲ ਨੂੰ ਪਸ਼ੂਆਂ ਅਤੇ ਖੇਤਾਂ ਦੀ ਦੇਖਭਾਲ ਲਈ ਰੱਖ ਲਿਆ। ਬਾਪੂ ਗੋਪਾਲ 40 ਸਾਲ ਪਸ਼ੂਆਂ ਦੇ ਬਾੜੇ ਵਿੱਚ ਰਾਤ ਕੱਟਦਾ ਰਿਹਾ। ਇੰਨੇ ਸਾਲਾਂ 'ਚ ਕਈ ਰੁੱਤਾਂ ਆਈਆਂ ਤੇ ਗਈਆਂ ਪਰ ਬਾਪੂ ਸਦਾ ਬੁਨਿਆਦੀ ਸਹੂਲਤਾਂ ਤੋਂ ਸੱਖਣੀ ਜ਼ਿੰਦਗੀ ਗੁਜ਼ਾਰਦਾ ਕੋਹਲੂ ਦਾ ਬੈਲ ਬਣਿਆ ਰਿਹਾ। ਆਖ਼ਰ 3 ਦਸੰਬਰ 2017 ਦਾ ਦਿਨ ਚੜ੍ਹਿਆ। ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਦੀ ਗ਼ੁਲਾਮੀ ਹੰਢਾਉਣ ਤੋਂ ਬਾਅਦ ਬਾਈ ਜੀ ਗੋਪਾਲ ਨੂੰ ਅਜ਼ਾਦ ਕਰਵਾਉਣ 'ਚ ਸਫ਼ਲ ਹੋ ਗਏ। ਸੰਸਥਾ ਦੇ ਪ੍ਰਮੁੱਖ ਸੇਵਾਦਾਰ ਅਸ਼ਵਨੀ ਕੁਮਾਰ ਭਾਖਣ ਜੀ ਦੀਆਂ ਕੋਸ਼ਿਸ਼ਾਂ ਸਦਕਾ ਬਾਪੂ ਦਾ ਵਿਛੜਿਆ ਪਰਿਵਾਰ ਲੱਭ ਗਿਆ। ਇਸ ਸਮੇਂ ਵੱਡੇ ਭਰਾ ਦੀ ਮੌਤ ਹੋ ਚੁੱਕੀ ਹੈ। ਹੁਣ ਬਾਪੂ ਦੀ ਭੈਣ 'ਮੰਦਾ' ਆਪਣੇ ਪਤੀ ਨਾਲ ਭਰਾ ਨੂੰ ਮਿਲਣ ਆਉਂਦੀ ਰਹਿੰਦੀ ਹੈ। ਹਰ ਸਮੇਂ ਹੱਥ ਵਿੱਚ ਫ਼ਿਲਪਸ ਦਾ ਰੇਡੀਓ ਫੜੀ ਕੁਝ- ਨਾ-ਕੁਝ ਸੁਣਦਾ ਰਹਿੰਦਾ ਹੈ। ਕਿਸੇ ਸਮੇਂ ਦਾ ਗ਼ੁਲਾਮ ਗੋਪਾਲ ਹੁਣ ਸੁਪਨਿਆਂ ਦੇ ਘਰ ਦਾ ਸਰਪੰਚ ਬਾਪੂ ਗੋਪਾਲ ਸਿੰਘ ਵਜੋਂ ਬੜੀ ਸ਼ਾਨ ਨਾਲ ਵਿਚਰਦਾ ਹੈ।

## ENDURING INHERITED SLAVERY – BAPU GOPAL SINGH

With a burden many times heavier than his own weight, the tired and weary face of Baba Gopal bore witness to the forty years he spent in slavery. Whenever his workload was less, his owner would beat him like an animal.

For four decades, Gopal had been tending cattle at the house of Mukhtiar Singh, a landlord in the village of Bakrawal near Moga. Reduced to a life no different from that of a beast, Gopal's spirit had long been crushed. The landlord's family, who enslaved him, had no sense of humanity. In addition to farming, the landlord also opened a flour mill in the village, where Gopal not only managed accounts while sitting on a bundle of sacks but also did heavy physical labor like carrying grinding stones on his head and transporting bundles of chaff.  All this had made his hair fall out.

Time passed, and news of Gopal's slavery eventually reached the Manukhta Di Sewa Sanstha (Humanity Service Foundation). Finally, Bhai Gurpreet Singh arrived in the village to rescue Gopal from bondage. At that moment, Gopal was cutting wood and bringing it on a handcart. When asked his name, he shyly replied, "Gopal," in a soft, childlike voice. Mukhtiar Singh, the mill owner, and his second wife strongly opposed Bhai Ji's efforts, but with the support of the villagers and after much struggle, Bhai Ji succeeded in freeing Gopal.



Upon arriving at the foundation, it was discovered that Gopal had always had a slightly peculiar nature. He would eat at others' homes whenever he pleased, which annoyed his greedy and prideful father and sisters-in-law. After his father's death, his elder brother, following instructions in their father's will, deposited 5,000 at an orphanage in Jalandhar for Gopal's care, and left him there. Later, both brothers divided the property equally and never cared for Gopal again.

Some time later, Gopal ended up at Sifti's home near Shri Darbar Sahib (Golden Temple), where he came into contact with Mukhtiar Singh, who had come to pay respects.

This marked the beginning of Gopal's hellish life. In his prime years, the landlord brought him home to tend to cattle and the fields. For 40 years, Bapu Gopal spent his nights in the cattle shed. Countless seasons came and went, but he continued to live a life devoid of basic necessities, like a bull tied to a grinding mill.

Finally, on December 3, 2017, after more than four decades of slavery, Bhai Ji succeeded in setting Gopal free. Thanks to the efforts of Ashwani Kumar Bhakhan Ji, the chief sevadar (volunteer) of the foundation, Gopal was reunited with his lost family. His elder brother had already passed away, but now his sister, Manda, visits him often with her husband.

These days, Bapu Gopal is seen walking around with his beloved Philips radio in hand, always listening to something or the other. Once a slave, Gopal is now the respected "Sarpanch" (elder) of Supneyaan Da Ghar (Home of Dreams), living a life of dignity and freedom.

# ਗ਼ਰੀਬੀ ਅਤੇ ਅਗਿਆਨਤਾ ਦੀ ਭੇਂਟ ਚੜ੍ਹੇ - ਪ੍ਰੇਮ ਸ਼ਰਮਾ ਦੀ ਕਹਾਣੀ



ਮਨੁੱਖਤਾ ਦੀ ਸੇਵਾ ਸੰਸਥਾਂ ਨੂੰ ਪਤਾ ਲੱਗਾ ਕਿ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਲਿਆਲ ਦੇ ਇੱਕ ਵਿਅਕਤੀ ਨੂੰ ਪਿਛਲੇ 27 ਸਾਲਾਂ ਤੋਂ ਘਰ ਵਿੱਚ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਹੋਇਆ ਹੈ।12 ਦਸੰਬਰ 2017 ਨੂੰ ਸੰਸਥਾ ਦੀ ਟੀਮ ਬਾਈ ਗੁਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਪਿੰਡ ਬਲਿਆਲ ਪਹੁੰਚੀ। ਉਨ੍ਹਾਂ ਨੇ ਦੇਖਿਆ ਕਿ ਪ੍ਰੇਮ ਸ਼ਰਮਾਂ ਨਾ ਦੇ ਵਿਅਕਤੀ ਨੂੰ ਪਸ਼ੂਆਂ ਵਾਲੇ ਵਾੜੇ 'ਚ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਹੋਇਆ ਸੀ। ਸਿਰ ਵਿੱਚ ਵੱਡੀਆਂ ਜਟਾਵਾਂ, ਮੈਲੇ-ਕੁਚੈਲੇ ਕੱਪੜੇ ਅਤੇ ਚਿਹਰੇ ਤੇ ਮੈਲ ਜੰਮੀ ਪਈ ਸੀ। ਇਉਂ ਲਗਦਾ ਸੀ ਜਿਵੇਂ ਇਸ ਵਿਅਕਤੀ ਨੇ ਕਈ ਸਾਲਾਂ ਤੋਂ ਇਸ਼ਨਾਨ ਨਾ ਕੀਤਾ ਹੋਵੇ। ਘਰ ਦੇ ਮੈਬਰਾਂ ਨੇ ਦੱਸਿਆ ਕਿ ਪ੍ਰੇਮ ਨੂੰ ਬੰਨ੍ਹਣਾ ਉਨ੍ਹਾਂ ਦਾ ਕੋਈ ਸ਼ੌਕ ਨਹੀਂ ਬਲਕਿ ਉਨ੍ਹਾਂ ਦੀ ਮਜਬੂਰੀ ਹੈ। ਖੁੱਲ੍ਹਾ ਛੱਡਣ ਤੇ ਇਹ ਬਾਹਰ ਭੱਜ ਜਾਂਦਾ ਹੈ। ਲੋਕਾਂ ਨਾਲ ਨਜਾਇਜ਼ ਕੁੱਟ-ਮਾਰ ਕਰਦਾ ਹੈ, ਗੰਦੀਆਂ ਗਾਲ੍ਹਾਂ ਵੀ ਕੱਢਦਾ ਹੈ। ਘਰ ਵਿੱਚ ਅੱਤ ਦੀ ਗ਼ਰੀਬੀ ਹੋਣ ਕਾਰਨ ਰੋਟੀ-ਪਾਣੀ ਹੀ ਮੁਸ਼ਕਿਲ ਨਾਲ ਚੱਲਦਾ ਸੀ। ਮਹਿੰਗੀਆਂ ਦਵਾਈਆਂ ਖ਼ਰੀਦਣ ਦੀ ਪਰਿਵਾਰ ਕੋਲ ਗੁਜਾਇੰਸ਼ ਨਾ ਹੋਣ ਕਾਰਨ ਸਹੀ ਇਲਾਜ ਨਹੀਂ ਕਰਵਾ ਸਕੇ। ਇੱਕ ਵਾਰ ਅਜੀਤ ਅਖ਼ਬਾਰ 'ਚ ਖ਼ਬਰ ਲਗਵਾ ਕੇ ਮੱਦਦ ਦੀ ਗੁਹਾਰ ਵੀ ਲਗਾਈ ਸੀ, ਪਰ ਕੋਈ ਵੀ ਦਾਨੀ-ਸੱਜਣ ਸਾਹਮਣੇ ਨਹੀਂ ਆਇਆ। ਆਖ਼ਰ ਪਰਿਵਾਰ ਥੱਕ-ਹਾਰ ਕੇ ਬੈਠ ਗਿਆ। ਇਹਤਿਆਦ ਵਜੋਂ ਪ੍ਰੇਮ ਨੂੰ ਸੰਗਲਾਂ ਨਾਲ ਬੰਨ ਦਿੱਤਾ ਗਿਆ। ਪਰਿਵਾਰ ਸਮੇਂ ਸਿਰ ਰੋਟੀ ਦਿੰਦਾ ਤੇ ਉਹ ਚੁੱਪ ਕਰਕੇ ਖਾ ਵੀ ਲੈਂਦਾ। ਸਮਾਂ ਇਵੇਂ ਆਪਣੀ ਚਾਲ ਚੱਲਦਾ ਰਿਹਾ। ਇੱਕ-ਇੱਕ ਦਿਨ ਕਰਕੇ 27 ਸਾਲ ਦਾ ਲੰਮਾ ਪੈਂਡਾ ਪ੍ਰੇਮ ਨੂੰ ਜਵਾਨੀ ਤੋਂ ਬੁਢਾਪੇ ਦੀ ਦਹਿਲੀਜ਼ ਤੇ ਲੈ ਗਿਆ।

ਪੰਜਾਬੀ 'ਚ ਇੱਕ ਕਹਾਵਤ ਹੈ '20 ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ'' ਪਰ ਪ੍ਰੇਮ ਵਾਰੀ ਰੱਬ ਸ਼ਾਇਦ ਰੂੜੀ ਵਾਲੀ ਕਹਾਵਤ ਵੀ ਭੁੱਲ ਗਿਆ। ਹੋਰ 7 ਸਾਲ ਨਿਕਲ ਜਾਣ ਤੋਂ ਬਾਅਦ ਮਨੁੱਖਤਾ ਦੀ ਸੇਵਾ ਵਾਲੇ ਬਾਈ ਗੁਰਪ੍ਰੀਤ ਸਿੰਘ ਜੀ ਰੱਬ ਦੇ ਦੂਤ ਬਣ ਕੇ ਪ੍ਰੇਮ ਸ਼ਰਮਾਂ ਨੂੰ ਗ਼ੁਲਾਮੀ ਤੋਂ ਮੁਕਤ ' ਕਰਵਾਉਣ ਲਈ ਪਹੁੰਚੇ। ਬਾਈ ਜੀ ਨੇ ਆਪਣੇ ਹੱਥੀਂ ਪ੍ਰੇਮ ਸ਼ਰਮਾਂ ਨੂੰ ਸੰਗਲਾਂ ਤੋਂ ਮੁਕਤ ਕਰਵਾਇਆ, ਉਪਰੰਤ ਪਤਾ ਲੱਗਾ ਪ੍ਰੇਮ ਸ਼ਰਮਾਂ ਤਾਂ ਚੱਲ ਫਿਰ ਵੀ ਨਹੀਂ ਸਕਦਾ। ਉਸ ਦੀਆਂ ਲੱਤਾਂ ਤੁਰਨ-ਫ਼ਿਰਨ ਤੋਂ ਬਿਲਕੁਲ ਅਸਮਰੱਥ ਸਨ।

ਆਖ਼ਰ ਬਾਈ ਜੀ ਉਸ ਨੂੰ ਲੈ ਕੇ ਸੰਸਥਾ ਪਹੁੰਚੇ। ਉਸ ਨੂੰ ਨਵਾ-ਧੁਵਾ ਕਿ ਨਵੇਂ ਕੱਪੜੇ ਪਵਾਏ ਗਏ। ਪ੍ਰੇਮ ਸ਼ਰਮਾ ਦੀ ਸੋਸ਼ਲ ਮੀਡੀਏ ਤੇ ਵੀਡੀਓ ਦੇਖ ਇਸੇ ਪਿੰਡ ਦੇ ਇੰਗਲੈਂਡ ਨਿਵਾਸੀ ਅਵਤਾਰ ਸਿੰਘ ਸਾਹਨੀ ਸੰਸਥਾ ਵਿਖੇ ਪਹੁੰਚਿਆ। ਇਸ ਵੀਰ ਨੇ 3 ਮਹੀਨੇ ਸੰਸਥਾ 'ਚ ਰਹਿ ਕੇ ਸ਼ਰਮਾ ਜੀ ਦੀਆਂ ਮਾਲਸ਼ਾਂ ਕਰ- ਕਰ ਕੇ ਉਦੋਂ ਤੱਕ ਸੇਵਾ ਕੀਤੀ ਜਦੋਂ ਤੱਕ ਉਹ ਚੱਲਣ-ਫਿਰਨ ਦੇ ਕਾਬਲ ਨਾ ਹੋ ਗਿਆ। ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਦਵਾਈ ਸਦਕਾ ਇਸ ਸਮੇਂ ਪ੍ਰੇਮ ਸ਼ਰਮਾਂ ਬਿਲਕੁਲ ਆਮ ਇਨਸਾਨਾਂ ਵਾਂਗ ਵਿਚਰਦਾ ਹੋਇਆ ਸੰਸਥਾ ਦੇ ਸੇਵਾ ਕਾਰਜਾਂ 'ਚ ਵੱਧ-ਚੜ੍ਹ ਕੇ ਯੋਗਦਾਨ ਪਾਉਂਦਾ ਹੈ। ਘਰ ਵਿੱਚ ਗ਼ਰੀਬੀ ਤੇ ਅਨਪੜ੍ਹਤਾ ਕਾਰਨ ਅਤੇ ਸਮਾਜ ਦੀ ਅਣਦੇਖੀ ਦੀ ਉਸ ਨੇ 27 ਸਾਲ ਨਜਾਇਜ਼ ਸਜ਼ਾ ਭੁਗਤੀ, ਇਸ ਸਮੇਂ ਉਹ ਭਾਵੇਂ ਬਿਲਕੁਲ ਠੀਕ ਹਨ ਪਰ ਬੀਤੇ 27 ਸਾਲਾ ਦੀਆਂ ਖੁਸ਼ੀਆਂ, ਦੀਵਾਲੀਆਂ, ਦੁਸ਼ਹਿਰੇ, ਚੰਗੇ-ਮਾੜੇ ਹੰਡਾਏ ਪਲ ਉਸ ਨੂੰ ਵਾਪਸ ਨਹੀਂ ਮਿਲ ਸਕਦੇ। ਜੇਕਰ ਸਮਾਂ ਰਹਿੰਦੇ ਪਰਿਵਾਰ, ਸਮਾਜਿਕ ਜਾਂ ਰਾਜਨੀਤਿਕ ਆਗੂ ਜਾਂ ਕੋਈ ਅਖੌਤੀ ਡੇਰੇਦਾਰ ਮਾਮੂਲੀ ਜਿਹੀ ਦਵਾਈ ਦਵਾ ਦਿੰਦੇ ਤਾਂ ਅੱਜ ਪ੍ਰੇਮ ਸ਼ਰਮਾਂ ਪੁੱਤ-ਪੋਤਰਿਆਂ ਦੀ ਭਰੀ ਫੁੱਲਵਾੜੀ 'ਚ ਅਨੰਦ ਮਾਣ ਰਿਹਾ ਹੁੰਦਾ। ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਜਾਂ ਕਿਸੇ ਦੇ ਵੀ ਜ਼ਖ਼ਮ ਨੂੰ ਨਸੂਰ ਬਣਨ ਤੋਂ ਪਹਿਲਾਂ ਰਲ- ਮਿਲ ਧਰਮ ਨਿਭਾਕੇ ਅਸਲੀ ਧਰਮੀ ਹੋਣ ਦਾ ਸਬੂਤ ਦੇਈਏ।

## A VICTIM OF POVERTY AND IGNORANCE – THE STORY OF PREM SHARMA

The Manukhta Di Sewa Sanstha (Humanity Service Organization) came to know that a man from the village of Ballyal in Sangrur district had been kept chained inside his house for the past 27 years. On December 12, 2017, a team from the organization, led by Bhai Gurpreet Singh Ji, reached the village. They saw that a man named Prem Sharma had been chained like an animal in a shed. His hair was matted, his clothes were filthy, and his face was covered with dirt. It appeared that he hadn't bathed in years.

The family members explained that chaining Prem was not their choice, but a compulsion. If left unchained, he would run away, physically assault people, and use abusive language.The family was extremely poor, barely managing food and water. They could not afford the expensive medication he needed and thus could not get proper treatment. Once, they even placed a plea for help in Ajit newspaper, but no donor came forward. Eventually, the family gave up and decided to chain him for safety. They fed him on time, and he would quietly eat.

Time continued to pass, and day by day, 27 years went by, taking Prem from youth to the doorstep of old age. There is a Punjabi saying, "Even a discarded broom is valued after 20 years", but it seemed God had forgotten Prem even beyond that.

After another seven years, Bhai Gurpreet Singh Ji of Manukhta Di Sewa came like a divine messenger to free Prem from his slavery. Bhai Ji personally unchained him, only to discover that Prem could not even walk—his legs had completely lost the ability to function.




Bhai Ji took him to the organization's center. There, Prem was bathed and given clean clothes. After a video of Prem Sharma was shared on social media, a village native living in England, Avtar Singh Sahni, came to the center. He stayed for three months, massaging and caring for Prem until he regained the ability to walk. Thanks to medications from mental health specialists, Prem Sharma now moves around like a normal person and actively contributes to the organization's service work.

Due to poverty, illiteracy, and the ignorance of society, Prem suffered 27 years of unjust confinement. Though he is now well, the lost joys of those 27 years—festivals, celebrations, and precious moments—can never be returned. If, back then, someone—be it family, a social or political leader, or even a self-proclaimed spiritual guide— had provided him with a basic medicine, Prem could have been enjoying the laughter of children and a happy family today.

It is our collective responsibility to come together and offer help before any wound becomes an ncurable sore. Let us live up to the true meaning of being righteous by acting with compassion and unity.

# ਤਦੋਂ ਰਾਜ, ਰਾਜੋਂ ਨਰਕ ਦਾ ਯਥਾਰਤਕ ਰੂਪ - ਸ਼ਿਮਲਾ ਦੇਵੀ



ਇਹ ਕੌੜਾ ਸੱਚ ਹੈ ਕਿ ਇਨਸਾਨ ਜਿਸ ਮਾਇਆ ਦੇ ਮਗਰ-ਮਗਰ ਭੱਜਦਾ ਹੈ ਉਹ ਮਾਇਆ ਮੁੱਕੇ ਸਵਾਸਾਂ ਦੀ ਪੂੰਜੀ ਵਧਾਉਣ ਦੇ ਕਦੇ ਕੰਮ ਨਹੀਂ ਆਉਂਦੀ। ਅਜਿਹੇ ਹੀ ਹਲਾਤਾਂ ਨਾਲ ਜੂਝ ਰਹੀ ਹੈ ਭੈਣ ਸ਼ਿਮਲਾ ਦੇਵੀ। ਉਹ 25 ਫਰਵਰੀ 2018 ਨੂੰ ਅੱਤ ਦੇ ਮਾੜੇ ਹਲਾਤਾਂ 'ਚ ਸੰਸਥਾ ਪਹੁੰਚੀ। ਹੋਇਆ ਇਉਂ ਕਿ ਕਿਸੇ ਸੱਜਣ ਨੇ ਵੀਡੀਉ ਰਾਹੀਂ ਇਸ ਭੈਣ ਦੇ ਹਲਾਤ ਰਿਕਾਰਡ ਕਰਕੇ ਭੇਜੇ। ਦੇਖ-ਸੁਣ ਬੜਾ ਧੱਕਾ ਲੱਗਾ। ਤਰੁੰਤ ਮਨੁੱਖਤਾ ਦੀ ਸੇਵਾ ਸੰਸਥਾ ਦੀ ਟੀਮ ਪਿੰਡ ਢੱਡਰੀਆਂ ਪਹੁੰਚ ਕੇ ਇਲਾਕੇ ਭਰ 'ਚ ਪ੍ਰਸਿੱਧ ਸਵ: ਸੌਣੀ ਸੇਠ ਦੀ ਹਵੇਲੀ ਦੇ ਸਾਹਮਣੇ ਜਾ ਖੜ੍ਹੀ। ਇਸ ਸਮੇਂ ਘਰ ਵਿੱਚ ਭਿਖਾਰੀਆਂ ਤੋਂ ਵੀ ਮਾੜੇ ਹਲਾਤਾਂ 'ਚ ਭੈਣ ਸ਼ਿਮਲਾ ਦੇਵੀ ਮੰਜੇ 'ਤੇ ਬੈਠੀ ਸੀ। ਜੋ ਹਰ ਲੰਘਦੇ-ਕਰਦੇ ਨੂੰ ਹਾਕਾਂ ਮਾਰ ਰਹੀ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਸੌਣੀ ਸੇਠ ਦੇ ਦੋ ਪੁੱਤਰ ਸਨ, ਜਿਨ੍ਹਾਂ 'ਚੋਂ ਇੱਕ ਸਿੱਧਰਾ ਤੇ ਦੂਸਰਾ ਅੰਗਹੀਣ ਸੀ। ' ਉਸ ਸਮੇਂ ਸੌਣੀ ਸੇਠ ਦੀ ਆੜ੍ਹਤ ਬਹੁਤ ਮਸ਼ਹੂਰ ਸੀ ਪਰ ਔਲਾਦ ਤੋਂ ਸੇਠ ਅਕਸਰ ਪਰੇਸ਼ਾਨ ਰਹਿੰਦਾ। ਆਖ਼ਰ ਉਸ ਨੇ ਸਿੱਧਰੇ ਪਰ ਸ਼ਰੀਰਕ ਤੌਰ ਤੇ ਤੰਦਰੁਸਤ ਮੁੰਡੇ ਦਾ ਵਿਆਹ 12 ਪਾਸ ਸ਼ਿਮਲਾ ਦੇਵੀ ਨਾਲ ਕੰਮ-ਕਾਰ ਸੰਭਾਲਣ ਦੀ ਮੰਸ਼ਾ ਨਾਲ ਕਰ ਦਿੱਤਾ। ਵਿਆਹ ਵੇਲੇ ਨੂੰਹ ਤੋਂ ਸੱਸ ਨੇ ਸੋਨੇ ਦੀ ਗੜਬੀ ਨਾਲ ਪਾਣੀ ਵਾਰ ਕੇ ਪੀਤਾ ਸੀ। ਸੇਠ ਨੇ ਨੂੰਹ ਨੂੰ ਲਿਖਤ-ਪੜ੍ਹਤ ਦਾ ਕੰਮ ਸਿਖਾਇਆ। ਸ਼ਿਮਲਾ ਦੇਵੀ ਦੇ ਘਰ ਮੁੰਡਾ ਹੋਇਆ ਪਰ ਉਸ ਦੀ ਮੌਤ ਹੋ ਗਈ।

ਕੁਝ ਸਮੇਂ ਬਾਅਦ ਸੇਠ-ਸਿਠਾਣੀ ਵੀ ਇਸ ਜਹਾਨ ਤੋਂ ਕੂਚ ਕਰ ਗਏ। ਆੜ੍ਹਤ ਦਾ ਕੰਮ ਸ਼ਿਮਲਾ ਦੇਵੀ ਸਾਂਭਣ ਲੱਗੀ। ਉਸ ਦੇ ਸਿੱਧਰੇ ਘਰਵਾਲੇ ਨੂੰ ਪਿੰਡ ਦੇ ਲੋਕ ਚੱਕਣ ਲੱਗੇ ਤੇ ਉਹ ਘਰ ਆ ਕੇ ਪਤਨੀ ਦੀ ਕੁੱਟ-ਮਾਰ ਕਰਦਾ ਰਹਿੰਦਾ। ਇਸੇ ਸਮੇਂ ਦੌਰਾਨ ਸ਼ਿਮਲਾ ਦੇਵੀ ਦੇ ਇਕਲੋਤੇ ਭਰਾ ਦੀ ਸੜਕ ਹਾਦਸੇ 'ਚ ਮੌਤ ਤੇ ਫਿਰ ਘਰਵਾਲੇ ਦੀ ਵੀ ਮੌਤ ਹੋ ਗਈ।

ਹੁਣ ਸ਼ੁਰੂ ਹੁੰਦਾ ਹੈ ਇਸ ਪਰਿਵਾਰ ਦਾ ਮਾੜਾ ਵਕਤ ਉੱਪਰੋ-ਥਲੀ ਹੋਏ ਹਾਦਸਿਆਂ ਕਾਰਨ ਸ਼ਿਮਲਾ ਦੇਵੀ ਦੀ ਮਾਨਸਿਕ ਹਾਲਤ ਵਿਗੜਣ ਲੱਗੀ। ਸੇਠ ਦੇ ਸ਼ਰੀਕੇ ਨੇ ਰੱਜ ਕੇ ਲਾਹਾ ਲਿਆ। ਘਰ ਦੀ ਹਰ ਕੀਮਤੀ ਚੀਜ਼ ਲੁੱਟਣੀ ਸ਼ੁਰੂ ਕਰ ਦਿੱਤੀ। ਸ਼ਿਮਲਾ ਦੇਵੀ ਸਮਾਨ ਦੀ ਰਾਖੀ ਲਈ ਪਿਛਲੇ ਗੇਟ ਵੱਲ ਭੱਜਦੀ ਤਾਂ ਮੂਹਰਲੇ ਪਾਸੇ ਦੀ ਸਮਾਨ ਚੁੱਕ ਕੇ ਲੈ ਜਾਂਦੇ, ਜੇ ਮੂਹਰੇ ਆਉਂਦੀ ਤਾਂ ਪਿੱਛੇ ਦੀ। ਆਖ਼ਿਰ ਥੱਕੀ-ਹਾਰੀ ਸ਼ਿਮਲਾ ਦੇਵੀ ਨੇ ਬਚਿਆ-ਖੁਚਿਆ ਸਮਾਨ ਚੁੱਕ ਕੇ ਮੂਹਰਲੀ ਬੈਠਕ 'ਚ ਰੱਖ ਕੇ ਆਪ ਮੂਹਰੇ ਮੰਜੀ ਡਾਹ ਲਈ ਅਤੇ 11 ਸਾਲ ਉਹ ਇੱਕੋ ਮੰਜੇ ਤੇ ਡਾਂਗ ਲੈ ਕੇ ਬੈਠੀ ਰਹੀ। ਉਹ ਜੰਗਲ-ਪਾਣੀ ਵੀ ਆਸ-ਪਾਸ ਹੀ ਕਰ ਲੈਂਦੀ। ਜਦ ਸੰਸਥਾ ਦੀ ਟੀਮ ਪਹੁੰਚੀ ਤਾਂ ਮੰਜੇ ਦੇ ਗਿੱਠ- ਗਿੱਠ ਪਾਵੇ ਪਖਾਨੇ ਵਿੱਚ ਧਸੇ ਪਏ ਸਨ। ਉਸ ਦੇ ਵਾਲ ਜਟਾਵਾਂ ਦਾ ਰੂਪ ਧਾਰਨ ਕਰ ਚੁੱਕੇ ਸਨ। ਕਿਸੇ ਸਮੇਂ ਦੀ ਮਹਿਲਾਂ 'ਚ ਰਹਿਣ ਵਾਲੀ ਸ਼ਿਮਲਾ ਦੇਵੀ ਗੰਦ ਨਾਲ ਲਿੱਬੜੀ ਭੂਤ-ਬੰਗਲਾ ਬਣੀ ਹਵੇਲੀ 'ਚ ਨਰਕ ਭਰੀ ਜ਼ਿੰਦਗੀ ਬਿਤਾ ਰਹੀ ਸੀ। ਜਦ ਟੀਮ ਲੈਣ ਪਹੁੰਚੀ ਸ਼ਰੀਕੇ ਵਾਲੇ ਕੁਝ ਮੈਬਰਾਂ ਨੇ ਵਿਰੋਧ ਕੀਤਾ ਪਰ ਸਮੇਂ ਦੀ ਨਬਜ਼ ਅਤੇ ਸ਼ਰੀਕੇ ਵਾਲਿਆਂ ਦੀ ਰਮਜ਼ ਪਛਾਣਦੇ ਬਾਈ ਗੁਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਸੰਸਥਾ ਮਾਤਾ ਦੀ ਸਿਰਫ਼ ਸੇਵਾ ਕਰਨੀ ਚਾਹੁੰਦੀ ਹੈ। ਉਨ੍ਹਾਂ ਦਾ ਸੇਠ ਦੀ ਹਵੇਲੀ ਅਤੇ ਜ਼ਮੀਨ ਤੇ ਕੋਈ ਹੱਕ ਨਹੀਂ ਹੋਵੇਗਾ। ਜਿਸ 'ਤੇ ਲਾਲਚੀ ਲਾਣੇ ਨੇ ਸਿਮਲਾ ਦੇਵੀ ਨੂੰ ਮੰਜੇ ਸਣੇਂ ਗੱਡੀ 'ਚ ਰੱਖਣ ਲਈ ਮਿੰਟ ਵੀ ਨਾ ਲਾਇਆ।

ਆਓ ਅੱਜ ਦੀ ਸ਼ਿਮਲਾ ਦੇਵੀ ਦੇ ਦਰਸ਼ਨ ਕਰਵਾਈਏ। ਹੁਣ ਉਹ ਸੋਹਣੇ ਕੱਪੜੇ ਪਾਉਂਦੀ ਹੈ ਅਤੇ ਸਲੀਕੇ ਨਾਲ ਵਾਲ ਵਾਹੁੰਦੀ ਹੈ। 24 ਘੰਟੇ ਮਿਲਣ ਵਾਲੀ ਮੈਡੀਕਲ ਸਹੂਲਤ ਕਾਰ ਨ ਮਾਤਾ ਮਾਨਸਿਕ ਤੌਰ 'ਤੇ ਬਿਲਕੁਲ ਤੰਦਰੁਸਤ ਹੈ ਪਰ ਹੁਣ ਵੀ ਆਪਣੇ ਮੋਏ ਪੁੱਤ ਅਤੇ ਭਰਾ ਨੂੰ ਯਾਦ ਕਰਦੀ ਰਹਿੰਦੀ ਹੈ।

# THE REALITY OF "HELL FOR THE ROYALS" – SHIMLA DEVI'S STORY

This harsh truth reveals that the wealth humans chase after relentlessly is of no use when it comes to extending the span of life. A similar fate has befallen sister Shimla Devi. She arrived at the Manukhta Di Sewa Sanstha (Humanity Service Organization) on 25th February 2018 in extremely dire conditions.

It happened when a kind person sent a video showing Shimla Devi's condition. Watching it was shocking. Immediately, the Sanstha team reached village Dhandrian and stood in front of the once-famous mansion of Seth Soni, known throughout the area. At that time, Shimla Devi was sitting on a cot in the house, in a condition worse than beggars, calling out to every passerby.

Villagers explained that Seth Soni had two sons—one was mentally disabled, the other physically. Though Soni ran a well-known commission agency, he was often troubled by his children. Eventually, he married his physically healthy son to Shimla Devi, who had passed her 12th grade, in hopes she would manage household affairs. During the wedding, her mother-in-law performed the traditional gesture of drinking water from a gold vessel after offering it to her daughter-in-law. Soni even taught her accounting work. Shimla gave birth to a son, but sadly, the child passed away.

Not long after, both Seth and his wife died. Shimla Devi began handling the commission agency. However, her mentally challenged husband became increasingly violent and would often beat her upon returning home. Meanwhile, her only brother died in a road accident, and then her husband passed away too.




That was the beginning of her downfall. With all these tragedies, Shimla Devi's mental health began to deteriorate. The Seth's greedy relatives took advantage of the situation and began looting everything in the house. If she ran to the back of the house to guard things, they would steal from the front—and vice versa. Eventually, exhausted and helpless, she gathered whatever was left and locked herself in the front room with it. For 11 years, she lived on a single cot, guarding her belongings with a stick, using a corner of the house for her toilet needs.

When the Sanstha team reached her, the cot was sunken into piles of feces. Her hair had turned into thick dreadlocks. The once-mansion was now like a haunted house, and Shimla Devi, once a dignified woman, was living in hellish conditions. Some greedy relatives opposed her rescue, but Bhai GurpreetSingh Ji of the Sanstha firmly explained that the organization only wished to serve the woman and had no intention of claiming any rights over the house or land. Hearing this, those greedy people quickly agreed and let her be taken—even with the cot she had sat on for years.

Let us now witness the transformed Shimla Devi. Today, she wears clean, beautiful clothes and neatly combs her hair. She receives round-the-clock medical care and is now mentally healthy. However, she still often remembers her deceased son and brother.

# ਬਾਪ ਦੇ ਜ਼ੁਲਮਾਂ ਨੂੰ ਪਿੰਡੇ ਤੇ ਹੰਢਾਉਣ ਵਾਲੀ - ਆਰਤੀ





ਬਚਪਨ 'ਚ ਹੀ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸ਼ਰੀਰਕ ਪੱਖੋਂ ਹੱਡੀਆਂ ਦੀ ਮੁੱਠ ਬਣ ਚੁੱਕੀ ਬਾਪ ਪਾਲਾ ਜੋਗੀ ਦੀ ਉਪਰੋ-ਥਲੀ ਦੀ ਚੌਥੀ ਔਲਾਦ ਆਰਤੀ ਦਾ ਹੋਰ ਬੁਰਾ ਸਮਾਂ ਉਸ ਸਮੇਂ ਸ਼ੁਰੂ ਹੋਇਆ ਜਦੋਂ ਉਹ ਦੋ ਸਾਲ ਦੀ ਸੀ। ਖੇਡਦੇ ਸਮੇਂ ਅਚਾਨਕ ਧੂਣੀ 'ਤੇ ਡਿੱਗ ਜਾਣ ਕਾਰਨ ਉਸ ਦੀ ਪਿੱਠ ਝੁਲਸ ਗਈ। ਬਾਪ ਨੇ ਤੁਰੰਤ ਇਲਾਜ ਕਰਾਉਣ ਦੀ ਥਾਂ ਉਸ ਨੂੰ ਲੈ ਕੇ ਮਲੋਟ ਦੇ ਬਜ਼ਾਰਾਂ ਵਿੱਚ ਲੋਕਾਂ ਤੋਂ ਭੀਖ ਮੰਗਣੀ ਸ਼ੁਰੂ ਕਰ ਦਿੱਤੀ। ਦੁਕਾਨਦਾਰਾਂ ਨੇ ਬੱਚੀ ਦੀ ਨਾਜ਼ੁਕ ਹਾਲਤ ਦੇਖ ਕੇ ਖ਼ੂਬ ਸਹਾਇਤਾ ਕੀਤੀ। ਇਸੇ ਸਮੇਂ ਦੌਰਾਨ ਇੱਕ ਰਹਿਮ-ਦਿਲ ਇਨਸਾਨ ਰਿਸ਼ੀ ਬਾਬੂ ਦੀ ਨਿਗ੍ਹਾ ਇਸ ਮਾਸੂਮ ਤੇ ਪਈ। ਉਸ ਨੇ ਆਰਤੀ ਦਾ ਪਹਿਲਾਂ ਮਲੋਟ ਦੇ ਸਰਕਾਰੀ ਹਸਪਤਾਲ ਤੇ ਫਿਰ ਫ਼ਰੀਦਕੋਟ ਸਰਕਾਰੀ ਹਸਪਤਾਲ ਖ਼ੁਦ ਹਾਜ਼ਰ ਰਹਿ ਕੇ ਪੱਲਿਓਂ 50 ਹਜ਼ਾਰ ਖਰਚ ਕੇ ਇਲਾਜ ਕਰਵਾਇਆ, ਪਰ ਪਿਉ ਪਾਲਾ ਆਰਤੀ ਨੂੰ ਜਬਰੀ ਛੁੱਟੀ ਕਰਵਾ ਕੇ ਮਲੋਟ ਆਪਣੀ ਝੁੱਗੀ ਵਿੱਚ ਲੈ ਗਿਆ।

ਇੱਥੇ ਆਰਤੀ ਦਾ ਜ਼ਖ਼ਮ ਦਿਖਾ ਕੇ ਫ਼ਿਰ ਭੀਖ ਮੰਗਣ ਦਾ ਧੰਦਾ ਸ਼ੁਰੂ ਕਰ ਦਿੱਤਾ। ਇੱਥੋਂ ਇੱਕ ਵਾਰ ਫ਼ਿਰ ਰਿਸ਼ੀ ਬਾਬੂ ਆਰਤੀ ਨੂੰ ਪਰਿਵਾਰ ਸਮੇਤ ਹਸਨਪੁਰ ਲੈ ਆਇਆ। ਕਰੁਣਾ ਦੀ ਮੂਰਤ ਬਾਈ ਗੁਰਪ੍ਰੀਤ ਸਿੰਘ ਜੀ ਬੱਚੀ ਦੇ ਬੇਹੱਦ ਖ਼ਰਾਬ ਜ਼ਖ਼ਮ ਦੇਖ ਕੇ ਦੰਗ ਰਹਿ ਗਏ। ਬੱਚੀ ਨੂੰ ਤੁਰੰਤ ਇਲਾਜ ਲਈ ਲੁਧਿਆਣੇ ਦੇ ਇੱਕ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਅਤੇ ਸਾਰੇ ਪਰਿਵਾਰ ਨੂੰ ਸੰਸਥਾ 'ਚ ਸ਼ਰਨ ਦਿੱਤੀ ਗਈ। ਥੋੜ੍ਹਾ ਜਿਹਾ ਠੀਕ ਹੋਣ ਤੇ ਜੋਗੀ ਪਰਿਵਾਰ ਨਿੱਤ ਦਾ ਕਲੇਸ਼ ਪਾ-ਪਾ ਕੇ ਆਰਤੀ ਨੂੰ ਹਸਪਤਾਲੋਂ ਛੁੱਟੀ ਦਿਵਾ ਕੇ ਇੱਕ ਵਾਰ ਫ਼ਿਰ ਵਾਪਿਸ ਲੈ ਗਿਆ। 2021 ਦਾ ਉਹ ਸਮਾਂ ਸੀ ਜਦੋਂ ਸੋਸ਼ਲ ਮੀਡੀਆ ਰਾਹੀਂ ਇਸ ਪਾਪੀ ਪਿਉ ਦੀ ਕਰਤੂਤ ਪੂਰੀ ਦੁਨੀਆਂ 'ਚ ਫ਼ੈਲ ਚੁੱਕੀ ਸੀ। ਇਸ ਕਾਰਨ ਜੋਗੀ ਮਲੋਟ ਦੀ ਥਾਂ ਗਿੱਦੜਬਾਹੇ ਜਾ ਕੇ ਭੀਖ ਮੰਗਣ ਲੱਗਾ। ਜਦੋਂ ਬਾਈ ਜੀ ਨੂੰ ਪਤਾ ਲੱਗਾ, ਉਨ੍ਹਾਂ ਜੋਗੀ ਨੂੰ ਸੱਦਿਆ। ਉਸ ਸਮੇਂ ਆਰਤੀ 'ਚ ਖ਼ੂਨ ਕੇਵਲ 3 ਗ੍ਰਾਮ ਰਹਿ ਗਿਆ ਸੀ। ਅਜਿਹੇ ਗੰਭੀਰ ਹਲਾਤਾਂ 'ਚ ਆਰਤੀ ਨੂੰ ਸੀ.ਐਮ.ਸੀ. ਹਸਪਤਾਲ ਦਾਖ਼ਲ ਕਰਵਾਇਆ ਗਿਆ। ਆਖ਼ਿਰ ਕਈ ਅਪਰੇਸ਼ਨਾਂ ਤੋਂ ਬਾਅਦ ਆਰਤੀ ਠੀਕ ਹੋ ਕੇ ਸੰਸਥਾ ਪਹੁੰਚੀ। ਇਸ ਸਮੇਂ ਆਰਤੀ ਬਾਕੀ ਬੱਚਿਆਂ ਵਾਂਗ ਰੋਜ਼ਾਨਾ ਤਿਆਰ ਹੋ ਕੇ ਸਕੂਲ ਜਾਂਦੀ ਹੈ ਅਤੇ ਟਿਊਸ਼ਨ ਤੋਂ ਬਾਅਦ ਖ਼ੂਬ ਖੇਲਦੀ ਵੀ ਹੈ। ਬਾਪ ਹੁਣ ਵੀ ਵਰ੍ਹੇ-ਛਮਾਹੀਂ ਆਉਂਦਾ ਆਰਤੀ ਨੂੰ ਕਦੇ ਮੱਥਾ ਟਿਕਾਉਣ ਤੇ ਕਦੇ ਬੱਕਰਾ ਚੜ੍ਹਾ ਕੇ ਸੁੱਖ ਲਾਹੁਣ ਦੇ ਖੇਖਣ ਕਰ ਪੈਸਾ-ਧੇਲਾ ਲੈ ਕੇ ਮੁੜ ਜਾਂਦਾ ਹੈ। ਇਸ ਸਮੇਂ ਦੀ ਤਾਜ਼ਾ ਰਿਪੋਰਟ ਇਹ ਹੈ ਕਿ ਆਰਤੀ ਦੀ ਵਿੰਗੀ ਹੋਈ ਰੀੜ੍ਹ ਦੀ ਹੱਡੀ ਦਾ ਨਰੀਖਣ ਕਰਨ ਲਈ ਇੰਗਲੈਂਡ ਦੇ ਮਾਹਿਰ ਡਾਕਟਰਾਂ ਦੀ ਟੀਮ ਆਈ। ਉਨ੍ਹਾਂ ਨੇ ਜਲਦ ਹੀ ਆਰਤੀ ਦਾ ਸਫ਼ਲ ਇਲਾਜ ਕਰਨ ਦਾ ਭਰੋਸਾ ਦਿੱਤਾ ਹੈ।

ਹੁਣ ਗੱਲ ਕਰਦੇ ਹਾਂ ਆਰਤੀ ਦੀ ਆਮ ਜ਼ਿੰਦਗੀ ਦੀ। ਇਸ ਸਮੇਂ ਆਰਤੀ ਬਾਕੀ ਬੱਚਿਆਂ ਵਾਂਗ ਆਥਣ-ਸਵੇਰ ਕੋਚ ਸਾਹਿਬਾਨ ਨਾਲ ਖੇਡਾਂ ਦੀ ਤਿਆਰੀ ਕਰਦੀ ਹੈ। ਮੋਤੀਆਂ ਵਰਗੀ ਸੁੰਦਰ ਲਿਖਾਈ ਅਤੇ ਯਾਦ ਸ਼ਕਤੀ ਤੇਜ਼ ਹੋਣ ਕਰਕੇ ਸਕੂਲ ਵਿੱਚ ਅਧਿਆਪਕਾਂ ਦੀ ਅਤੇ ਸੰਸਥਾ ਵਿੱਚ ਬਾਈ ਜੀ ਦੀ ਚਹੇਤੀ ਨਟਖਟ ਬੇਟੀ ਹੈ। ਬੇਟੀ ਭਵਨਜੋਤ ਕੌਰ ਨੂੰ ਉਹ ਅਕਸਰ ਹਾਣੀ ਬੱਚਿਆਂ ਦੀ ਲੀਡਰ ਬਣ ਨੇੜੇ-ਤੇੜੇ ਹੋਣ ਵਾਲੀਆਂ ਪ੍ਰਦਰਸ਼ਨੀਆਂ ਅਤੇ ਮੇਲਿਆਂ ਤੇ ਜਾਣ ਦੀ ਮੰਗ ਕਰਦੀ ਰਹਿੰਦੀ ਹੈ।

# AARTI – THE GIRL WHO ENDURED HER FATHER'S CRUE

Aarti, the fourth child of Pala Yogi, was severely malnourished from early childhood, leaving her body frail and skeletal. Her hardships worsened when she was just two years old. While playing, she accidentally fell onto a fire pit, severely burning her back. Instead of seeking immediate medical help, her father began taking her to the markets of Malout, using her injuries to beg from people. Shopkeepers, moved by the fragile condition of the little girl, generously offered help.

During this time, a kind-hearted man named Rishi Babu noticed the innocent child. He took her to Malout Civil Hospital and then to Faridkot Government Hospital,personally spending 50,000 on her treatment. However,her father forcibly got her discharged and took her back to their hut in Malout. There, he resumed his begging business by displaying her wounds.

Once again, Rishi Babu stepped in and brought Aarti and her family to Hasanpur. Bhai Gurpreet Singh Ji, a symbol of compassion, was shocked to see the horrificcondition of Aarti's wounds. She was immediately admitted to a hospital in Ludhiana for treatment, and the entire family was given shelterat the Sanstha (charitable organization).

However, as Aarti began to recover slightly, the Yogi family began creating daily chaos. Eventually, they got her discharge dagain and took her back. This was around 2021 when the father's inhumane actions began to spread across social media. As a result, the family moved from Malout to Gidderbaha, continuing to beg there.

When Bhai Ji came to know about this, he called Pala Yogi in. At that time, Aarti's blood level was dangerously low—just 3 grams. In this critical condition, she was admitted to CMC Hospital. After numerous surgeries, she recovered and returned to the Sanstha.



Today, Aarti lives like any other child—she gets ready and goes to school daily, enjoys tuition, and loves to play. Her father still visits once or twice a year, performing religious rituals like offering goats to temples or bowing his head in prayer, using these as excuses to demand money and then leaving again.

The latest update is that a team of specialist doctors from England has come to assess Aarti's damaged spinal cord. They have assured that successful treatment will be provided soon.

Now, let's talk about Aarti's daily life.

These days, she starts her mornings by preparing for sports with the coaches, just like other children. With her pearl-like beautiful handwriting and sharp memory, she is a favorite among her schoolteachers and especially lovedby Bhai Ji at the Sanstha. Aarti often insists on accompanying Bhavanjyot Kaur, her " big sister" and leader among the children, to exhibitions and fairs nearby.

# ਸਾਂਝੇ ਪਰਿਵਾਰ ਦੇ ਟੁੱਟਣ ਤੇ ਬਿਖਰਿਆ - ਲੱਕੀ ਗੁਪਤਾ



ਕੋਟਕਪੂਰਾ ਸ਼ਹਿਰ ਦੇ ਕਰੋੜਪਤੀ ਸੇਠ ਫ਼ਕੀਰ ਚੰਦ ਗੁਪਤਾ, ਜਿੰਨ੍ਹਾਂ ਦਾ ਸ਼ਹਿਰ 'ਚ ਚੋਖਾ ਸਿੱਕਾ ਚੱਲਦਾ ਸੀ, ਪਰ ਹੁਣ ਬਦਲੇ ਹਲਾਤਾਂ ਦੀ ਗਵਾਹੀ ਭਰਦੀ ਹੈ ਫ਼ਕੀਰ ਚੰਦ ਦੇ ਪੋਤੇ ਲੱਕੀ ਗੁਪਤਾ ਦੀ ਕਹਾਣੀ। ਆਪਾਂ ਸਾਰੇ ਦੇਖਦੇ ਹਾਂ ਕਿ ਕਈ ਲੋਕ ਬਹੁਤ ਜ਼ਿਆਦਾ ਸੂਖ਼ਮ–ਭਾਵਾਂ ਵਾਲੇ ਹੁੰਦੇ ਹਨ, ਜੋ ਬਦਲੇ ਹਲਾਤਾਂ 'ਚ ਸਮੇਂ ਦੇ ਹਾਣ ਦਾ ਬਣਨ ਦੇ ਸਮਰੱਥ ਨਹੀਂ ਹੁੰਦੇ। ਅਜਿਹਾ ਹੀ ਕੁਝ ਥੋਕ ਦੇ ਵਪਾਰੀ ਲੱਕੀ ਗੁਪਤਾ ਨਾਲ ਵਾਪਰਿਆ। ਘਟਨਾ ਕੁਝ ਇਸ ਤਰਾਂ ਹੈ – ਜਦੋਂ ਫ਼ਕੀਰ ਚੰਦ ਦੀ ਮੌਤ ਤੋਂ ਬਾਅਦ ਵਪਾਰ ਦਾ ਬਟਵਾਰਾ ਹੋਇਆ ਤਾਂ ਦੁਕਾਨ ਦਾ ਗੱਲ਼ਾ ਲੱਕੀ ਦੇ ਪਿਤਾ ਸੁਰੇਸ਼ ਕੁਮਾਰ ਤੇ ਚਾਚਾ ਮਹਿੰਦਰ ਕੁਮਾਰ ਨੇ ਸਾਂਭਿਆ। 2015 ਵਿੱਚ ਇਸ ਪਰਿਵਾਰ ਦੀ ਜ਼ਮੀਨ–ਜਾਇਦਾਦ ਦਾ ਵੀ ਬਟਵਾਰਾ ਹੋ ਗਿਆ। ਹਿੱਸੇ ਅਨੁਸਾਰ ਸਾਰਿਆਂ ਨੂੰ ਬਣਦਾ ਹੱਕ ਦੇ ਦਿੱਤਾ ਗਿਆ। ਲੱਕੀ ਗੁਪਤਾ ਘਰ 'ਚ ਵੱਡਾ ਹੋਣ ਕਰਕੇ ਸੇਠ ਫਕੀਰ ਚੰਦ ਜੀ ਵਾਲੀ ਪੁਰਾਣੀ ਦੁਕਾਨ ਉਸ ਦੇ ਹਿੱਸੇ ਆਈ। ਸਾਂਝੇ ਪਰਿਵਾਰ 'ਚ ਰਹਿਣ ਵਾਲੇ ਲੱਕੀ ਦੇ ਅਚੇਤ ਮਨ 'ਤੇ ਇਸ ਬਟਵਾਰੇ ਨੇ ਬਹੁਤ ਮਾੜ੍ਹਾ ਅਸਰ ਪਾਇਆ। ਲੱਕੀ ਪਰੇਸ਼ਾਨ ਰਹਿਣ ਲੱਗਾ ਤੇ ਮਰਜ਼ ਦਿਨੋ– ਦਿਨ ਬਿਗੜਦੇ ਗਏ। ਸ਼ਹਿਰ ਵਾਸੀਆਂ ਨੇ ਉਸ ਨੂੰ ਢਾਰਸ ਦੇਣ ਦੀ ਥਾਂ ਪਾਗਲ ਕਰਾਰ ਦੇ ਦਿੱਤਾ। ਲੱਕੀ ਦੀ ਪਤਨੀ ਉਸ ਦੀ 7 ਸਾਲਾਂ ਦੀ ਧੀ ਨੂੰ ਨਾਲ ਲੈ ਕੇ ਪੇਕੇ ਚਲੀ ਗਈ।

ਹਲਾਤ ਹੋਰ ਵਿਗੜੇ, ਲੱਕੀ ਆਸ–ਪਾਸ ਦੇ ਲੋਕਾਂ ਨਾਲ ਅਕਸਰ ਝਗੜਾ ਕਰਨ ਲੱਗਾ। ਵਿਗੜੇ ਹਲਾਤਾਂ ਦੇ ਚੱਲਦੇ ਲੱਕੀ ਨੇ ਇੱਕ ਦਿਨ ਆਪਣੇ ਚਾਚੇ ਦੇ ਸਿਰ ਤੇ ਵਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਹੁਣ ਲੱਕੀ ਆਪਣੀ ਖਾਲੀ ਦੁਕਾਨ 'ਚ ਇੱਧਰ–ਉੱਧਰ ਗੇੜੇ ਕੱਢੀ ਜਾਦਾਂ। ਆਖ਼ਿਰ ਲੱਕੀ ਦੇ ਮਾੜੇ ਹਲਾਤਾਂ ਦੀ ਵੀਡੀਓ ਕਿਸੇ ਸ਼ਹਿਰੀ ਨੇ ਬਣਾ ਕੇ ਸੰਸਥਾ ਨੂੰ ਭੇਜੀ। ਜਿਸ ਤੇ ਐਕਸਨ ਲੈਦਿਆਂ 4 ਨਵੰਬਰ 2021 ਦਿਵਾਲੀ ਵਾਲੇ ਦਿਨ ਸੰਸਥਾ ਦੀ ਟੀਮ ਬਾਈ ਗੁਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਕੋਟਕਪੂਰੇ ਪਹੁੰਚੀ। ਸਭ ਤੋਂ ਪਹਿਲਾਂ ਲੱਕੀ ਦੇ ਭਰਾ 'ਤੇ ਚਾਚੇ ਤੋਂ ਹਲਾਤਾਂ ਬਾਰੇ ਜਾਣਕਾਰੀ ਲਈ ਅਤੇ ਫਿਰ ਇੱਕ ਗਾਹਕ ਬਣ ਕੇ ਲੱਕੀ ਦੀ ਦੁਕਾਨ ਤੇ ਗਏ। ਖ਼ਾਲੀ ਦੁਕਾਨ 'ਚੋਂ ਜੋ ਵੀ ਮਿਲਿਆ ਖ਼ਰੀਦ ਲਿਆ। ਉਸ ਦੀਆਂ ਟੁੱਟੀਆਂ ਐਨਕਾਂ, ਗੰਦੇ ਕੱਪੜੇ, ਬਿਖਰੇ ਵਾਲ, ਪੈਰੀਂ ਟੁੱਟੀਆਂ ਚੱਪਲਾਂ ਉਸ ਦੇ ਮਾੜੇ ਵਕਤ ਦੀ ਗਵਾਹੀ ਭਰ ਰਹੀਆਂ ਸਨ। ਲੱਕੀ ਨੇ ਸਮਾਨ ਦੇਣ ਤੋਂ ਬਾਅਦ ਉਨ੍ਹਾਂ ਨੂੰ ਦੁਕਾਨ 'ਚੋਂ ਧੱਕੇ ਨਾਲ ਜਾਣ ਲਈ ਕਿਹਾ। ਟੀਮ ਮੈਂਬਰ ਸਮਝਾ–ਬੁਝਾ ਕੇ ਅਤੇ ਬਾਕੀ ਪਰਿਵਾਰ ਦੀ ਸਹਿਮਤੀ ਨਾਲ ਲੱਕੀ ਨੂੰ ਸੁਪਨਿਆਂ ਦੇ ਘਰ ਲੈ ਆਏ। ਇਲਾਜ ਸ਼ੁਰੂ ਹੋਇਆ। ਬਾਈ ਜੀ ਦੇ ਮੋਹ–ਭਿੱਜੇ ਪਿਆਰ ਤੇ ਹਮਦਰਦੀ ਭਰੇ ਬੋਲਾਂ ਅਤੇ ਮਾਹਿਰ ਡਾਕਟਰਾਂ ਦੀ ਦੇਖ–ਰੇਖ ਹੇਠ ਉਸ ਦੀ ਜ਼ਿੰਦਗੀ ਬਦਲਣੀ ਸ਼ੁਰੂ ਹੋ ਗਈ। ਲੱਕੀ ਜਲਦ ਹੀ ਠੀਕ ਹੋ ਗਿਆ। ਫਿਰ ਸ਼ੁਰੂ ' ਹੋਈਆਂ ਘਰ ਵਾਪਸੀ ਦੀਆਂ ਕੋਸ਼ਿਸ਼ਾਂ। ਲੱਕੀ ਦੀ ਪਤਨੀ ਅਤੇ ਧੀ ਨਾਲ ਰਾਬਤਾ ਕਾਇਮ ਕੀਤਾ ਗਿਆ। ਲੱਕੀ ਦੇ ਸਾਲੇ ਨੇ ਆਪਣੀ ਭੈਣ ਦਾ ਘਰ ਦੁਬਾਰਾ ਵਸਾਉਣ 'ਚ ਪਹਿਲਕਦਮੀ ਕੀਤੀ। ਸਾਰਾ ਪਰਿਵਾਰ 2023 'ਚ ਕੋਟਕਪੂਰਾ ਦੁਬਾਰਾ ਆਪਣੇ ਘਰ ਜਾ ਪਹੁੰਚਿਆ। ਲੱਕੀ ਗੁਪਤਾ ਨੂੰ ਬਾਈ ਜੀ ਨੇ ਸੰਗਤ ਵਲੋਂ ਭੇਜੇ ਦੁਕਾਨ 'ਚ ਸਮਾਨ ਪਾਉਣ ਲਈ ਪੰਜਾਹ ਹਜ਼ਾਰ ਰੁਪਏ ਦੇਣੇ ਚਾਹੇ ਪਰ ਖ਼ੁਦਾਰ ਲੱਕੀ ਨੇ ਮਨ੍ਹਾਂ ਕਰ ਦਿੱਤਾ। ਗਾਹੇ– ਬਗਾਹੇ ਜਦੋਂ ਵੀ ਬਾਈ ਜੀ ਉਧਰ ਨੂੰ ਜਾਂਦੇ ਤਾਂ ਲੋਕਾਂ ਨੂੰ ਲੱਕੀ ਗੁਪਤਾ ਦੀ ਦੁਕਾਨ 'ਚੋਂ ਸਮਾਨ ਖਰੀਦਣ ਲਈ ਜ਼ਰੂਰ ਪ੍ਰੇਰਦੇ। ਇਸ ਸਮੇਂ ਲੱਕੀ ਗੁਪਤਾ ਆਪਣੇ ਪਰਿਵਾਰ ਦੀ ਭਰੀ ਫੁੱਲਵਾੜੀ 'ਚ ਸਤੁੰਸ਼ਟੀ ਭਰਿਆ ਜੀਵਨ ਬਤੀਤ ਕਰ ਰਿਹਾ ਹੈ।

# THE BREAKDOWN OF A JOINT FAMILY AND THE FRAGMENTATION - LUCKY GUPTA

Fakir Chand Gupta, a wealthy merchant from Kotkapura city, once had a strong presence in the town. However, the changing circumstances are now reflected in the story of his grandson, Lucky Gupta. We often see that some individuals, despite their wealth and status, are not able to adapt to changing times. Such was the case with Lucky Gupta.

The story begins after the death of Fakir Chand, when the family business was divided. Lucky's father, Suresh Kumar, and uncle, Mahinder Kumar, took responsibility for the shop. In 2015, the family's land and property were also divided, with everyone receiving their rightful share. As the eldest in the family, Lucky inherited the old shop of Fakir Chand. The division of the joint family had a very negative impact on Lucky, and his mental state began to deteriorate. The once prosperous man found himself increasingly disturbed, and his health worsened.

Instead of offering him comfort, the people in the city labeled him as insane. His wife, unable to bear his deteriorating condition, took their seven-year-old daughter and left for her parental home. With his mental state further worsening, Lucky started frequently getting into fights with people around him. In one such incident, he struck his uncle on the head, injuring him severely. Lucky now wandered aimlessly around his empty shop.

A concerned citizen filmed a video of Lucky's troubled state and sent it to a charitable organization. The organization took swift action, and on November 4, 2021, Diwali day, the team, led by Bhai Gurpreet Singh Ji, arrived in Kotkapura. The team first spoke to Lucky's brother and uncle to understand the then visited Lucky's shop as a customer.

Inside the shop, the disarray was evident. Broken glasses, torn clothes, tangled hair, and shattered slippers testified to the misery Lucky was living through. After receiving the goods, the team asked him to leave the shop. With the consent of the rest of the family, they took Lucky to the "House of Dreams" for treatment.

Under the compassionate care and the loving words of Bhai Ji, along with the expertise of skilled doctors, Lucky's life began to turn around. He soon started recovering.

Efforts were made to reconnect Lucky with his wife and daughter. His brother-in-law took the lead in reuniting the family. By 2023, the entire family was back in Kotkapura, their home once again. Bhai Ji had sent Lucky 50,000 for the shop's inventory, but Lucky declined the offer. Whenever Bhai Ji visited, he would encourage the community to purchase items from Lucky's shop.

Today, Lucky Gupta is leading a content life with his family, surrounded by love and fulfillment.



## ਨੇਮ-ਫੇਮ, ਧਨ-ਦੌਲਤ ਦੇ ਅੰਬਾਰਾਂ ਦੇ ਹੁੰਦਿਆ ਸੁੱਖ-ਚੈਨ ਤੋਂ ਵਾਂਝਾ - ਵੈਦਵਾਨ ਪਰਿਵਾਰ



ਇਹ ਕਹਾਣੀ ਹੈ ਜਤਿੰਦਰ ਸਿੰਘ ਵੈਦਵਾਨ ਦੇ ਅਭਾਗੇ ਪਰਿਵਾਰ ਦੀ। ਵੈਦਵਾਨ ਪਰਿਵਾਰ ਸਦੀਆਂ ਤੋਂ ਜੱਦੀ ਪੁਸ਼ਤੀ ਚੰਗਾ ਪੜ੍ਹਿਆ, ਸਰਕਾਰੇ–ਦਰਬਾਰੇ ਉੱਚ ਅਹੁਦਿਆਂ ਤੇ ਰਾਜ ਕਰਨ ਵਾਲਾ ਘਰਾਣਾ ਸੀ। ਖ਼ੈਰ ਜਤਿੰਦਰ ਸਿੰਘ ਵੈਦਵਾਨ ਨੇ ਭਾਰਤੀ ਦੂਰਸੰਚਾਰ 'ਚੋਂ ਬਤੌਰ ਸੁਪਰਡੈਂਟ ਇੰਜੀਨੀਅਰ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਉਪਰੰਤ ਖਰੜ ਦੇ ਪੌਸ਼ ਏਰੀਏ ਸਨੀ ਇਨਕਲੇਵ 'ਚ ਰੈਣ– ਬਸੇਰਾ ਬਣਾਇਆ ਸੀ। ਘਰ ਵਿੱਚ ਹਰ ਸੁਖ– ਸਹੂਲਤ ਮੌਜੂਦ ਸੀ। ਜਿਸ ਨਾਲ ਇੱਕ ਸਾਬਕਾ ਅਧਿਕਾਰੀ ਆਪਣੀ ਬਾਕੀ ਦੀ ਜ਼ਿੰਦਗੀ ਵਧੀਆ ਢੰਗ ਨਾਲ ਗੁਜ਼ਾਰ ਸਕਦਾ ਸੀ। ਇਹ ਪਰਿਵਾਰ ਪਹਿਲੀ ਵਾਰ ਉਸ ਸਮੇਂ ਚਰਚਾ 'ਚ ਆਇਆ ਜਦੋਂ ਬੇਹੱਦ ਮਾੜੇ ਹਲਾਤਾਂ ਦੇ ਚੱਲਦੇ 2014 'ਚ ਸੈਕਟਰ 9, ਚੰਡੀਗੜ੍ਹ ਮਹੱਲਾ ਨਿਵਾਸੀਆਂ ਦੇ ਕਹਿਣ ‘ਤੇ ਪ੍ਰਭੂ ਆਸਰਾ ਟ੍ਰੱਸਟ ਨੇ ਪ੍ਰਸ਼ਾਸਨ ਦੀ ਮੱਦਦ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਰੇਸਕਿਊਂ ਕਰਕੇ ਆਸ਼ਰਮ 'ਚ ਸ਼ਿਫਟ ਕਰ ਕੇ ਇਲਾਜ ਕਰਵਾਇਆ ਸੀ। ਕੁਝ ਸਮੇਂ ਬਾਅਦ ਹੀ ਇਹ ਪਰਿਵਾਰ ਜ਼ਿੱਦ ਕਰਕੇ ਵਾਪਸ ਘਰ ਆ ਗਿਆ ਪਰ 2021 ਤੱਕ ਪਹੁੰਚਦੇ–ਪਹੁੰਚਦੇ ਇਹ ਪਰਿਵਾਰ ਫਿਰ ਤੋਂ ਮਾਨਸਿਕ ਰੋਗਾਂ 'ਚ ਘਿਰਨ ਲੱਗਾ ਅਤੇ ਇਨ੍ਹਾਂ ਦੀਆਂ ਵੀਡੀਉ ਬਾਈ ਜੀ ਤੱਕ ਵੀ ਪਹੁੰਚਣ ਲੱਗੀਆਂ। ਜਦੋਂ ਬਾਈ ਗੁਰਪ੍ਰੀਤ ਸਿੰਘ ਜੀ ਕੋਠੀ ਨੰਬਰ 8112, ਸਨੀ ਇਨਕਲੇਵ, ਖਰੜ ਪਹੁੰਚੇ ਤਾਂ ਰੋਗੀ ਪਰਿਵਾਰ ਨੂੰ ਸਾਂਭਦੇ–ਸਾਂਭਦੇ ਜਤਿੰਦਰ ਸਿੰਘ ਜੀ ਖ਼ੁਦ ਮਾਨਸਿਕ ਰੋਗੀ ਬਣ ਚੁੱਕੇ ਸਨ।

ਸਿਰ ਤੋਂ ਪੈਰਾਂ ਤੱਕ ਮੰਦਹਾਲੀ ਦੇ ਸ਼ਿਕਾਰ ਪਿਤਾ–ਪੁੱਤਰੀ ਨੇ ਬਾਈ ਜੀ ਨਾਲ ਨਾ ਜਾਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਪਰ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਜਦ ਟੀਮ ਨੇ ਘਰ ਦੇ ਅੰਦਰ ਜਾ ਕੇ ਦੇਖਿਆ ਤਾਂ ਘਰ ਕੂੜੇ ਨਾਲ ਭਰਿਆ ਪਿਆ ਸੀ। ਰਸੋਈ 'ਚ ਕੀੜੇ ਚੱਲ ਰਹੇ ਸਨ। ਸਾਰੇ ਘਰ ਦੇ ਹਰ ਕਮਰੇ 'ਚੋਂ ਪਖਾਨੇ ਦੀ ਬਦਬੂ ਆ ਰਹੀ ਸੀ। ਆਲੀਸ਼ਾਨ ਘਰ ਦੇ ਮਹਿੰਗੇ ਫ਼ਰਨੀਚਰ 'ਤੇ ਧੂੜ ਇੰਜ ਜੰਮੀ ਹੋਈ ਸੀ ਜਿਵੇਂ ਸਾਫ਼ ਕੀਤਿਆਂ ਸਦੀਆਂ ਬੀਤ ਗਈਆਂ ਹੋਣ। ਮੁਹੱਲਾ ਨਿਵਾਸੀਆਂ ਨੇ ਦੱਸਿਆ ਕਿ ਬਾਪੂ ਜੀ ਦੇ ਬੇਟੇ ਦੀ 2014 ‘ਚ ਮੌਤ ਹੋ ਗਈ ਸੀ। ਖ਼ੈਰ ਬਾਈ ਜੀ ਵੈਦਵਾਨ ਪਰਿਵਾਰ ਨੂੰ ਸੁਪਨਿਆਂ ਦੇ ਘਰ ਲੈ ਆਏ।

ਠੀਕ ਹੋਣ ‘ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਦੇ ਪਿਤਾ ਸਰਦਾਰ ਨਿਰੰਜਣ ਸਿੰਘ ਇੰਡੀਅਨ ਏਅਰਲਾਈਨਜ਼ 'ਚ ਇੰਜੀਨੀਅਰ ਸਨ। ਉਨ੍ਹਾਂ ਦੀ ਵੱਖ–ਵੱਖ ਜਗ੍ਹਾ ਪੋਸਟਿੰਗ ਦੌਰਾਨ ਪਰਿਵਾਰ ਨੇਪਾਲ, ਦਿੱਲੀ, ਹੈਦਰਾਬਾਦ ਆਦਿ ਹੋਰ ਕਈ ਥਾਵਾਂ 'ਤੇ ਰਿਹਾ। ਉਨ੍ਹਾਂ ਦਾ ਇੱਕ ਮਕਾਨ ਹੈਦਰਾਬਾਦ ਅਤੇ ਦੂਜਾ ਮੋਹਾਲੀ 'ਚ ਵੀ ਸੀ ਜਿਸ ਨੂੰ ਅਮਨਦੀਪ ਕੌਰ “ਨੀਨੂੰ” ਦਾਦਾ ਜੀ ਵਾਲਾ ਘਰ ਕਹਿੰਦੀ ਸੀ। ਉਨ੍ਹਾਂ ਨੇ ਸਨੀ ਇਨਕਲੇਵ ਵਾਲੀ ਕੋਠੀ ਇੱਕ ਕਰੋੜ ਦਸ ਲੱਖ ‘ਚ ਖਰੀਦੀ ਸੀ। ਇਸ ਸਮੇਂ ਉਨਾਂ ਦੀ ਸਲਾਨਾਂ ਕਰੀਬ ਨੌਂ ਲੱਖ ਪੈਨਸ਼ਨ ਆ ਰਹੀ ਹੈ। ਇਸ ਸਮੇਂ ਵੀ ਬਾਪੂ ਵੈਦਵਾਨ ਇੱਕ ਸੁਹਿਰਦ ਬਾਪ ਦੀ ਤਰਾਂ ਆਪਣੀ ਧੀ ਪ੍ਰਤੀ ਸਦਾ ਚਿੰਤਤ ਰਹਿੰਦੇ ਹਨ । ਉਸ ਨੂੰ ਸਦਾ ਸੁਰੱਖਿਅਤ ਰੱਖਣਾ ਲੋਚਦੇ ਹਨ। ਅਖ਼ਬਾਰਾਂ ਟੈਲੀਵਿਜ਼ਨ ਰਾਹੀਂ ਦੁਨੀਆਂ ਭਰ ਦੀ ਖ਼ਬਰ ਰੱਖਣ ਵਾਲੇ ਜਤਿੰਦਰ ਸਿੰਘ ਜੀ ਜੇ ਕਿਤੇ ਗੱਲਾਂ ਵਾਲੀ ਲੀਰਾਂ ਦੀ ਖਿੱਦੋ ਖੋਲ ਲੈਣ ਤਾਂ ਸਾਰੇ ਸੰਸਾਰ ਦੀ ਸਿਆਸਤ ਦੀ ਚਰਚਾ ਕਰਨ ਤੋਂ ਬਾਅਦ ਵੀ ਉਨ੍ਹਾਂ ਦੀਆਂ ਗੱਲਾਂ ਖ਼ਤਮ ਨਹੀਂ ਹੁੰਦੀਆਂ। ਹੁਣ ਭਾਵੇਂ ਦੂਰ ਦੇ ਸੁਹਿਰਦ ਰਿਸ਼ਤੇਦਾਰ ਅਕਸਰ ਮਿਲਣ ਆਏ ਉਨ੍ਹਾਂ ਨੂੰ ਆਪਣੇ ਕੋਲ ਪਿੰਡ ਮੰਡ ਲਿਜਾਣਾ ਚਾਹੁੰਦੇ ਹਨ ਪਰ ਜਤਿੰਦਰ ਸਿੰਘ ਵੈਦਵਾਨ ਆਪਣੇ ਆਪ ਅਤੇ ਬੇਟੀ ਨੂੰ ਸੰਸਥਾ 'ਚ ਸਭ ਤੋਂ ਵੱਧ ਸੁਰੱਖਿਅਤ ਸਮਝ ਕੇ ਬਾਕੀ ਦੀ ਜ਼ਿੰਦਗੀ ਸੁਪਨਿਆ ਦੇ ਘਰ 'ਚ ਬਿਤਾਉਣ ਦੇ ਮੂਡ 'ਚ ਹਨ।

## THE MISFORTUNE OF THE VAIDHWAN FAMILY: DESPITE FAME, WEALTH, AND COMFORT, THEY WERE DEPRIVED OF PEACE

This is the story of the unfortunate Vaidhwan family, led by Jatinder Singh Vaidhwan. The Vaidhwan family had been a prominent and respected household for centuries, holding high positions in govern-ment and courts. Jatinder Singh Vaidhwan, after retiring from his position as Superintendent Engineer at Indian Telecom- munication, settled in the Sunny Enclave area of Kharar. The family enjoyed every comfort and luxury in their home, allowing Jatinder Singh to live a peaceful life in his retirement. The family first came into the spotlight in 2014 when, due to extremely poor circumstances, Jatinder Singh's family was rescued by the Prabhu Asra Trust with the help of local administration and relocated to an ashram for treatment. After some time, the family returned home victorious, but by 2021, the family began to suffer from mental health issues again, and videos of their condition began reaching Bhai Ji. When Bhai Gurpreet Singh Ji visited their house at 8112 Sunny Enclave, Kharar, the family had become so affected by mental health issues that Jatinder Singh himself had fallen ill.

Jatinder Singh’s father and daughter, both suffering from mental illness, tried every possible means to avoid going with Bhai Ji, but with the support of local residents, the team entered the house. The house was filled with garbage, the kitchen was infested with insects, and the entire house had an overwhelming stench of filth. Even the luxurious furniture was covered in dust as if it hadn't been cleaned in centuries. The local residents explained that Jatinder Singh's father had passed away in 2014, which had been a turning point for the family.



Bhai Ji took the Vaidhwan family to the "House of Dreams" for care and recovery. Once Jatinder Singh recovered, he shared that his father, Sardar Niranjan Singh, had worked as an engineer at Indian Airlines. During his different postings, the family lived in places such as Nepal, Delhi, and Hyderabad. They owned houses in both Hyderabad and Mohali, with one in Mohali being referred to as the"Dada Ji's house" by Amandeep Kaur "Ninu." Jatinder Singh had bought the Sunny Enclave house for 1 crore 10 lakhs. At that time, he was receiving an annual pension of about 9 lakhs. Despite his struggles, Jatinder Singh remains deeply concerned about his daughter and always strives to keep her safe.

Even though distant relatives often visit and invite Jatinder Singh to their village, he feels the "House of Dreams" is the safest place for him and his daughter. He has decided to spend the rest of his life there, feeling secure and cared for.





# ਪਤੀ ਵਿਯੋਗ ਵਿੱਚ ਪਾਗਲ ਹੋਈ, ਨਰਕ ਹੰਢਾਉਂਦੀ - ਬਿਮਲਾ ਦੇਵੀ



ਬਿਮਲਾ ਦੇਵੀ ਜੀ ਨੂੰ 14 ਅਗਸਤ 2021 ਨੂੰ ਰਾਜਪੁਰਾ ਸ਼ਹਿਰ ਦੀ ਅਫ਼ਸਰ ਕਲੋਨੀ 'ਚੋਂ ਬੇਹੱਦ ਮਾੜੇ ਹਲਾਤਾਂ 'ਚ ਰੇਸਕਿਊ ਕੀਤਾ ਗਿਆ ਸੀ। ਆਓ ਆਪਾਂ ਉਸ ਦੇ ਜੀਵਨ 'ਤੇ ਪਿੱਛਲ-ਝਾਤ ਮਾਰੀਏ। ਪੜ੍ਹੀ-ਲਿਖੀ ਬਿਮਲਾ ਦੇਵੀ ਇੱਕ ਖੁਸ਼ਹਾਲ ਪਰਿਵਾਰ ਦੀ ਮੈਂਬਰ ਸੀ। ਉਸ ਦੀ ਇੱਕ ਬੇਟੀ ਤੇ ਇੱਕ ਬੇਟਾ ਸੀ। ਸਮਾਂ ਰਹਿੰਦੇ ਬੇਟੀ ਦਾ ਵਿਆਹ ਕਰ ਦਿੱਤਾ ਗਿਆ ਪਰ ਕੁਝ ਸਮੇਂ ਬਾਅਦ ਇਸ ਪਰਿਵਾਰ ਦੀ ਕਿਸਮਤ ਨੂੰ ਗ੍ਰਹਿਣ ਲੱਗਣਾ ਸ਼ੁਰੂ ਹੋ ਗਿਆ। ਇੱਕ ਸੜਕ ਹਾਦਸੇ 'ਚ ਬਿਮਲਾ ਦੇਵੀ ਦੇ ਪਤੀ ਦੀ ਮੌਤ ਹੋ ਗਈ। ਜਿਸ ਦਾ ਸਦਮਾ ਬਿਮਲਾ ਦੇਵੀ ਬਰਦਾਸ਼ਤ ਨਾ ਕਰ ਸਕੀ, ਉਸ ਦੀ ਦਿਮਾਗ਼ੀ ਹਾਲਤ ਵਿਗੜਣ ਲੱਗੀ। ਘਰ 'ਚ ਹੋਰ ਕੋਈ ਸਿਆਣਾ ਮੈਂਬਰ ਨਾ ਹੋਣ ਕਾਰਨ ਅਤੇ ਆਰਥਕ ਵਸੀਲੇ ਖ਼ਤਮ ਹੋ ਜਾਣ ਕਾਰਨ ਉਸ ਦਾ ਸਮੇਂ ਸਿਰ ਇਲਾਜ ਨਾ ਹੋ ਸਕਿਆ। ਜਿਸ ਕਾਰਨ ਮਾਤਾ ਦੀ ਬਿਮਾਰੀ ਦਿਨੋ-ਦਿਨ ਭਿਆਨਕ ਰੂਪ ਲੈਣ ਲੱਗੀ। ਬਿਮਲਾ ਦੇਵੀ ਨੇ ਆਪਣੇ-ਆਪ ਨੂੰ ਇੱਕ ਕਮਰੇ 'ਚ ਬੰਦ ਕਰ ਲਿਆ, ਜਿੱਥੇ ਉਹ ਦਿਨ-ਰਾਤ ਉੱਚੀ-ਉੱਚੀ ਗਾਲ੍ਹਾਂ ਕੱਢਦੀ ਅਤੇ ਹਰ ਸਮੇਂ ਕੁਝ ਨਾ ਕੁਝ ਬੋਲਦੀ ਰਹਿੰਦੀ। 5-6 ਸਾਲਾਂ ਬਾਅਦ ਮਨੁੱਖਤਾ ਦੀ ਸੇਵਾ ਸੁਸਾਇਟੀ ਨੂੰ ਪਤਾ ਲੱਗਣ ਤੇ ਬਾਈ ਗੁਰਪ੍ਰੀਤ ਸਿੰਘ ਜੀ ਲੈਣ ਪਹੁੰਚੇ। ਉਸ ਸਮੇਂ ਤੱਕ ਉਹ ਖੁਸ਼ਹਾਲ ਘਰ ਖੰਡਰ ਦਾ ਰੂਪ ਧਾਰਨ ਕਰ ਚੁੱਕਾ ਸੀ।

ਪੁੱਤਰ ਟਿੰਕੂ ਨੂੰ ਚੌਥੀ 'ਚੋਂ ਪੜ੍ਹਾਈ ਛੱਡ ਕੇ ਦੁਕਾਨ ਤੇ ਕੰਮ ਲੱਗਣਾ ਪਿਆ। ਪੁੱਤ ਹਰ ਰੋਜ਼ ਡਸਪੋਜ਼ੇਬਲ ਭਾਡਿਆਂ 'ਚ ਮਾਂ ਨੂੰ ਰੋਟੀ-ਪਾਣੀ ਦੇ ਜਾਂਦਾ ਅਤੇ ਰਾਤ ਭੈਣ ਕੋਲ ਜਾ ਸੌਂਦਾ।ਜਦੋਂ ਬਾਈ ਜੀ ਪਹੁੰਚੇ ਤਾ ਮਾਤਾ ਨਗਨ ਅਵਸਥਾ 'ਚ ਘਰ ਦੇ ਇੱਕ ਹਨੇਰੇ ਕਮਰੇ 'ਚ ਬੈਠੀ ਸੀ। ਸਾਰਾ ਕਮਰਾ 5 ਸਾਲਾਂ ਦੇ ਗੰਦ ਨਾਲ ਭਰਿਆ ਪਿਆ ਸੀ। ਪੁੱਤ ਨੇ ਮਾਂ ਦੇ ਕੱਪੜੇ ਪਾਏ। ਮਾਤਾ ਨੂੰ ਬਾਹਰ ਲਿਆਉਣ ਲਈ ਟੀਮ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ। ਮੁਹੱਲਾ ਨਿਵਾਸੀਆਂ ਨੇ ਟੀਮ ਦਾ ਸਹਿਯੋਗ ਦਿੱਤਾ। ਬਾਈ ਜੀ ਮਾਤਾ ਜੀ ਨੂੰ ਲੈ ਕੇ ਸੰਸਥਾ ਪਹੁੰਚੇ। ਪੁੱਤਰ ਟਿੰਕੂ ਵੀ ਨਾਲ ਆਇਆ।

ਸੰਸਥਾ ਦੇ ਹਸਪਤਾਲ ਦੇ ਮਾਹਿਰ ਡਾਕਟਰਾਂ ਨੇ ਇਲਾਜ ਸ਼ੁਰੂ ਕੀਤਾ। ਮਾਤਾ ਦਿਨਾਂ 'ਚ ਸੁਰਤ ਸਿਰ ਹੋਣ ਲੱਗੀ। ਇਸ ਸਮੇਂ ਮਾਤਾ ਖੁਸ਼ਹਾਲ ਜੀਵਨ ਬਿਤਾ ਰਹੀ ਹੈ। ਟਿੰਕੂ ਬੇਟਾ ਸੰਸਥਾ ਦੇ ਹਸਪਤਾਲ ਦੇ ਕੰਮਾਂ 'ਚ ਹੱਥ ਵਟਾਉਣ ਦੇ ਨਾਲ-ਨਾਲ ਮਾਤਾ ਦੀ ਦੇਖਭਾਲ ਵੀ ਕਰਦਾ ਹੈ। ਇਸ ਘਟਨਾ ਦੀ ਜੇਕਰ ਵੀਡੀਉ ਧਿਆਨ ਨਾਲ ਦੇਖਦੇ ਹੋ ਤਾਂ ਬਾਈ ਜੀ ਬਿਲਕੁਲ ਸਹੀ ਕਹਿ ਰਹੇ ਹਨ ਕਿ ਜੇ ਅਜਿਹੇ ਇਨਸਾਨਾਂ ਦਾ ਸਮਾਂ ਰਹਿੰਦੇ ਇਲਾਜ ਹੋਵੇ, ਸਰਕਾਰ ਦਾ ਵੈਲਫ਼ੇਅਰ ਮਹਿਕਮਾ ਅਜਿਹੇ ਲੋਕਾਂ ਦੀ ਦੇਖਭਾਲ ਕਰੇ, ਹਰ 5 ਸਾਲ ਬਾਅਦ ਵੋਟਾਂ ਮੰਗਣ ਵਾਲੇ ਲੀਡਰ ਆਪਣੀ ਬਣਦੀ ਡਿਊਟੀ ਨਿਭਾਉਣ ਅਤੇ ਅਜਿਹੇ ਪੀੜਤਾਂ ਦੀ ਮੱਦਦ ਕਰਨ ਤਾਂ ਕਿਸੇ ਬੇਟੀ ਸ਼ਿਵਾਨੀ ਤੇ ਬੇਟੇ ਟਿੰਕੂ ਨੂੰ ਮੁਸੀਬਤ ਪੈਣ ਤੇ ਵਿਚਕਾਰੋਂ ਪੜ੍ਹਾਈ ਨਾਂ ਛੱਡਣੀ ਪਵੇ। ਨਾ ਹੀ ਰਮੇਸ਼ ਚੰਦ ਸ਼ਰਮਾ, ਅਰੁਣ ਕੁਮਾਰ ਸ਼ੁਕਲਾ, ਰਿਹਾਨਾ ਖ਼ਾਨ, ਗੁਲਾਮ ਗੋਪਾਲ ਬਾਪੂ ਵਰਗੇ ਹਜ਼ਾਰਾਂ ਮਰੀਜ਼ਾਂ ਦੀ ਸੁਪਨਿਆਂ ਦੇ ਘਰ 'ਚ ਹੋਂਦ ਹੁੰਦੀ। ਆਓ ਆਪਾਂ ਸਾਰੇ ਵੋਟਾਂ ਮੌਕੇ ਇਨ੍ਹਾਂ ਸਾਰੇ ਅਖੌਤੀ ਸੇਵਾਦਾਰ ਕਹਾਉਣ ਵਾਲੀਆਂ ਪਾਰਟੀਆਂ ਨੂੰ ਇਹ ਮੱਤ ਚੋਣ-ਮੈਨੀਫੈਸਟੋ 'ਚ ਪਾਉਣ ਲਈ ਮਜਬੂਰ ਕਰੀਏ, ਤਾਂ ਜੋ ਤੁਹਾਡੇ ਸਾਡੇ, ਜਾਂ ਕਿਸੇ ਦੇ ਵੀ ਅਜਿਹੇ ਹਾਲ ਨਾ ਬਣਨ।

## BIMLA DEVI: DRIVEN TO MADNESS BY THE LOSS OF HER HUSBAND, WANDERING IN HELL

Bimla Devi Ji was rescued under very dire circumstances on August 14, 2021, from Officer Colony in Rajpura city. Let's take a look at her life and the struggles she faced. Bimla Devi, an educated woman, was a member of a prosperous family. She had a daughter and a son. Over time, her daughter was married off, but soon after, the family's fortune began to deteriorate. In a tragic road accident, Bimla Devi's husband passed away. The shock of his death proved unbearable for Bimla, and her mental health started to decline. With no elder family member to look after her and financial resources exhausted, she was unable to receive timely treatment. As a result, her condition worsened drastically over time. Bimla Devi locked herself in a room, where she would speak loudly and continuously, uttering incoherent words day and night.

After 5-6 years, the Humanity Service Society came to know about her situation, and Bhai Gurpreet Singh Ji arrived to help. By then, her once prosperous home had turned into a ruin. Her son, Tinku, had to drop out of school in the fourth grade and start working at a shop. Every day, he would bring her food in disposable containers and sleep at his sister's house at night.

When Bhai Ji arrived, Bimla Devi was sitting in a dark room in a naked state. The entire room was filled with years of filth. Her son found her clothes, and the team struggled to get her out. With the support of thelocal residents, BhaiJi managed to take Bimla Devi to the institution. Tinku came along too.

The expert doctors at the institution's hospital began her treatment. Over time, Bimla Devi started to regain her senses.

Now, Bimla Devi is living a happy life. Her son, Tinku, helps with the hospital's work while also taking care of his mother. If you watch the video of this incident carefully, Bhai Ji is absolutely right in saying that if such individuals had received timely treatment, and if the government's welfare department took care of people like her, the leaders who ask for votes every five years would do their duty by helping people in need. This would ensure that people like Bimla Devi's daughter Shivani and son Tinku do not have to face such struggles, and thousands of patients like Ramesh Chand Sharma, Arun Kumar Shukla, Rihanna Khan, and Ghulam Gopal Bapu would find their place in a safe and supportive environment.



Let's all make sure that during election time, we demand that these political parties, who claim to serve the people, include such welfare programs in their election manifestos, so that none of us, or anyone else, end up in such dire situations.

## 2016 SEWA FAMILY AT DORAHA DHABA





## 2017 SEWA FAMILY AT BARAN HARA





## 2018 FAMILY OF THE DREAM HOME



## 2019 FAMILY OF THE DREAM HOME





## 2020 FAMILY OF THE DREAM HOME





## 2021 FAMILY OF THE DREAM HOME



## 2022 FAMILY OF THE DREAM HOME






## 2023 FAMILY OF THE DREAM HOME





## 2024 FAMILY OF THE DREAM HOME



## ਮਨੁੱਖਤਾ ਦੀ ਸੇਵਾ ਪਰਿਵਾਰ ਨਾਲ ਜੁੜੋ

ਮਨੁੱਖਤਾ ਦੀ ਸੇਵਾ ਸੱਭ ਤੋਂ ਵੱਡੀ ਸੇਵਾ ਪਰਿਵਾਰ ਦੇ ਰਿਜ਼ਿਸਟਰਡ ਸੇਵਾਦਾਰ ਬਣੋ ਜੀ ਜਿਵੇਂ ਕਿ ਆਪਣੇ 5–6 ਮੈਂਬਰਾਂ ਵਾਲੇ ਘਰ–ਪਰਿਵਾਰ ਨੂੰ ਚਲਾਉਣ ਲਈ ਜਿਹੜੀਆਂ ਜ਼ਰੂਰਤਾਂ ਹੁੰਦੀਆਂ ਹਨ, ਸਾਡੇ **700-800** ਮੈਂਬਰਾਂ ਦੇ ਪਰਿਵਾਰ ਦੀਆਂ ਵੀ ਉਹ ਹੀ ਜ਼ਰੂਰਤਾਂ ਹਨ ਜੀ। ਸਾਡੇ ਸੇਵਾ ਪਰਿਵਾਰ ਵੱਲੋਂ ਸਾਰੇ ਵੀਰਾਂ–ਭੈਣਾਂ ਨੂੰ ਬੇਨਤੀ ਹੈ ਜੀ ਕਿ ਤੁਸੀਂ ਸੇਵਾ ਪਰਿਵਾਰ ਦੇ ਰਿਜ਼ਿਸਟਰਡ ਸੇਵਾਦਾਰ ਬਣਕੇ ਸਾਡੇ ਨਾਲ ਸੇਵਾ ਵਿੱਚ ਅਕਾਊਂਟ ਰਾਹੀਂ ਸਿੱਧਾ ਹਿੱਸਾ ਪਾ ਸਕਦੇ ਹੋ ਜੀ ਅਤੇ ਸਾਡੇ ਸੇਵਾ ਪਰਿਵਾਰ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਿਯੋਗ ਦੇ ਸਕਦੇ ਹੋ ਜੀ, ਬਾਕੀ ਸਾਰੇ ਵੀਰ ਭੈਣ ਸਾਨੂੰ ਜਿਸ ਤਰ੍ਹਾਂ ਦੇ ਸਮਾਨ ਦੀ ਲੋੜ ਹੁੰਦੀ ਹੈ ਉਹ ਸਮਾਨ ਲਿਆ ਕੇ ਦੇ ਸਕਦੇ ਹੋ ਜੀ। ਮਨੁੱਖਤਾ ਦੀ ਸੇਵਾ ਪਰਿਵਾਰ ਦੇ ਰਿਜ਼ਿਸਟਰਡ ਸੇਵਾਦਾਰ ਬਣਨ ਲਈ ਸਾਡੇ ਵੱਟਸਐਪ ਨੰਬਰ **+91 82848-00071, +91 97803-00071** ਤੇ ਆਪਣਾ ਫੋਟੋ ਵਾਲਾ ਆਈ. ਡੀ. (**ID**) ਕਾਰਡ, ਪੈਨ ਕਾਰਡ ਅਤੇ ਆਪਣੀ ਈ–ਮੇਲ ਆਈ. ਡੀ. ਭੇਜ ਦਿਓ ਜੀ ਅਤੇ ਸਾਡੇ ਸੇਵਾ ਪਰਿਵਾਰ ਦੇ ਰਿਜ਼ਿਸਟਰਡ ਮੈਂਬਰ ਬਣੋ ਜੀ।

## Let's Be A Registered Member!

Just like any others small family with 5-6 members, our family of approximately 700-800 members also have the same basic requirements, which are needed to be fulfilled. We request all our brothers and sisters to become our registered members and donate directly into the bank account and help us to fulfill the basic needs of our MDSS (NGO) family.

Moreover, if someone wishes, they can arrange and bring various goods required by our family, as well. You may send your photo id proof, pan card and email id on +91 82848-00071, +91 97803-00071 to become a registered sponsor and member of our MDSS family.

1. REGISTER U/S 12AA OF THE INCOME TAX ACT VIDE URN. AAFAM0755QC20211
2. THE CONTRIBUTION IS EXEMPT U/S 80G-2(B) OF THE INCOME TAX ACT
3. REGISTRATION UNDER FCRA REGULATION ACT VIDE REG. NO. 115300060 DATED 12-06-2024

### Come and join hand in hand to serve humanity!

ਸਾਡੇ ਸੇਵਾ ਪਰਿਵਾਰ ਦੀ ਵਧੇਰੇ ਜਾਣਕਾਰੀ ਲਈ ਸਕੈਨ ਕਰੋ ਜੀ

**PLEASE SCAN HERE FOR NECESSARY INFORMATION ABOUT MDSS**

# MANUKHTA DI SEWA

## SAB TON VADDI SEWA SOCIETY

**V.P.O. HASSANPUR , LUDHIANA, PUNJAB,INDIA**

0161-5200071 97803-00071 82848-00071

mdssociety manukhtadisewasociety www.manukhtadisewa.org @manukhtadisewasociety

